EDUCATING LITERATES
LALLY
Infosys
Since 1997
Group of Institutions
ISO 9001-2015 Certified
Serving Society with Quality Education
STUDY ABROAD
LALLY BUILDING, BMC CHOWK
JALANDHAR 98889-00011

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ
DAILY LOKBANI JALANDHAR
ਮੁੱਖ ਸੰਪਾਦਕ ਅਮਨਦੀਪ ਮਹਿਰਾ
ਸ਼ਨੀਵਾਰ 27 ਅਪ੍ਰੈਲ 2024

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
easyvisa
8194 828282

R.N.I.Punpun/29016/2008 * ਸਾਲ 15 * ਅੰਕ : 333 * ਮੁੱਲ ; 5.00 ਰੁਪਏ * ਕੁੱਲ ਪੇਜ 10 * ਦਫਤਰ : 0181-2211009 * : M 99155-94111

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
easyvisa | 8194 828282



## ਦੂਜੇ ਗੇੜ ਦੀਆਂ ਵੋਟਾਂ ਦੌਰਾਨ 13 ਸੂਬਿਆਂ 'ਚ 52% ਹੀ ਵੋਟਿੰਗ ਹੋਈ

**ਨਵੀਂ ਦਿੱਲੀ,** -ਲੋਕ ਸਭਾ ਚੋਣਾਂ ਦੇ ਦੂਜੇ ਗੇੜ 'ਚ 13 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ 88 ਸੀਟਾਂ 'ਤੇ ਕਰੀਬ 61 ਫ਼ੀਸਦ ਵੋਟਿੰਗ ਹੋਈ ਹੈ। ਚੋਣ ਕਮਿਸ਼ਨ ਨੇ ਚੋਣਾਂ ਤਕਰੀਬਨ ਸ਼ਾਂਤਮਈ ਰਹਿਣ ਦਾ ਦਾਅਵਾ ਕਰਦਿਆਂ ਕਿਹਾ ਕਿ ਜਦੋਂ ਸਾਰੇ ਪੋਲਿੰਗ ਸਟੇਸ਼ਨਾਂ ਤੋਂ ਰਿਪੋਰਟਾਂ ਆ ਜਾਣਗੀਆਂ ਤਾਂ ਵੋਟ ਫ਼ੀਸਦ 60.95 ਫ਼ੀਸਦ ਤੋਂ ਵਧ ਸਕਦਾ ਹੈ। ਕੇਰਲਾ ਅਤੇ ਪੱਛਮੀ ਬੰਗਾਲ ਦੇ ਕਈ ਬੂਥਾਂ 'ਤੇ ਈਵੀਐੱਮਜ਼ 'ਚ ਖ਼ਰਾਬੀ ਅਤੇ ਜਾਅਲੀ ਵੋਟਾਂ ਦੇ ਭੁਗਤਾਨ ਦੀਆਂ ਸ਼ਿਕਾਇਤਾਂ ਮਿਲੀਆਂ।

## ਮਧੂ ਮੱਖੀਆਂ ਨੇ ਵੋਟਾਂ ਦੌਰਾਨ ਕੀਤੇ 15 ਵੋਟਰ ਫਟੜ



ਅਗਰਤਲਾ, 26 ਅਪ੍ਰੈਲ - ਲੋਕ ਸਭਾ ਚੋਣਾਂ ਦੇ ਦੂਜੇ ਪੜਾਅ ਦੌਰਾਨ ਤ੍ਰਿਪੁਰਾ 'ਚ ਇਕ ਬੂਥ 'ਤੇ ਮਧੂ ਮੱਖੀ ਦੇ ਹਮਲੇ 'ਚ ਕਈ ਵੋਟਰ ਜ਼ਖਮੀ ਹੋ ਗਏ ਹਨ। ਦਰਅਸਲ, ਖੋਵਾਈ ਜ਼ਿਲ੍ਹੇ ਦੇ ਬਾਰਾਬਿਲ ਇਲਾਕੇ 'ਚ ਮੱਖੀਆਂ ਦੇ ਝੁੰਡ ਨੇ ਵੋਟ ਪਾਉਣ ਲਈ ਕਤਾਰ 'ਚ ਖੜ੍ਹੇ ਵੋਟਰਾਂ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਕਰੀਬ 15 ਵੋਟਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ 'ਚ ਦਾਖ਼ਲ ਕੀਤਾ ਗਿਆ ਹੈ।

## ਪੰਜਾਬ ਵਿੱਚ ਬੀਜੇਪੀ ਦਾ ਚੋਣ ਪ੍ਰਚਾਰ ਦੌਰਾਨ ਥਾਂ ਥਾਂ ਹੋ ਰਿਹਾ ਵਿਰੋਧ

ਜਲੰਧਰ , ਹਰਬੰਸ ਬਿੱਟੂ - ਦੇਸ਼ ਦੀ ਸੱਤਾ 'ਤੇ ਕਾਬਜ ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਪ੍ਰਚਾਰ ਕਰਨਾ ਵੀ ਔਖ਼ਾ ਹੋਇਆ ਪਿਆ ਹੈ। ਤੇ ਥਾਂ ਤੇ ਕਿਸਾਨਾਂ ਵੱਲੋਂ ਵੱਖ-ਵੱਖ ਥਾਈਂ ਭਾਜਪਾ ਉਮੀਦਵਾਰਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਵਿਸ਼ੇਸ਼ ਤੌਰ 'ਤੇ ਪਿੰਡਾਂ ਵਿਚ ਭਾਜਪਾ ਉਮੀਦਵਾਰਾਂ ਦਾ ਘਿਰਾਓ ਕੀਤਾ ਜਾ ਰਿਹਾ ਹੈ। ਪਿਛਲੇ 15 ਦਿਨਾਂ ਦੀ ਗੱਲ ਕਰੀਏ ਤਾਂ ਸੂਬੇ ਵਿਚ ਵੱਖ-ਵੱਖ ਥਾਵਾਂ 'ਤੇ ਤਕਰੀਬਨ 40 ਜਗ੍ਹਾ 'ਤੇ ਭਾਜਪਾ ਆਗੂਆਂ ਦਾ ਵਿਰੋਧ ਕੀਤਾ ਗਿਆ ਹੈ ਜਿਸ ਕਾਰਨ ਬੀਜੇਪੀ ਨੂੰ ਵੋਟਾਂ ਦੌਰਾਨ ਕਾਫੀ ਨੁਕਸਾਨ ਹੋ ਸਕਦਾ ਹੈ

## ਦਰਦਨਾਕ ਸੜਕ ਹਾਦਸੇ ਵਿੱਚ ਚਾਰ ਦੀ ਹੋਈ ਮੌਤ

ਪਟੀ, ਰਵੀ ਕਰਨ - ਤਰਨ ਤਾਰਨ ਤੋਂ ਗੋਇੰਦਵਾਲ ਸਾਹਿਬ ਵਿਖੇ ਆ ਰਹੀ ਵਰਨਾ ਗੱਡੀ ਗੋਇੰਦਵਾਲ ਸਾਹਿਬ ਫ਼ੇਜ਼ 2 ਲਾਗੇ ਬੇਕਾਬੂ ਹੋ ਕੇ ਦਰਖ਼ਤ ਨੂੰ ਤੋੜ ਕੇ ਟਰਾਂਸਫਾਰਮਰ ਦੇ ਨਾਲ ਟਕਰਾ ਗਈ। ਇਸ ਹਾਦਸੇ ਵਿਚ ਕਾਰ ਸਵਾਰ ਚਾਰ ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਪੰਜਵਾਂ ਨੌਜਵਾਨ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ, ਜਿਸ ਨੂੰ ਨਜ਼ਦੀਕੀ ਹਸਤਪਾਲ ਦਾਖ਼ਲ ਕਰਾਇਆ ਗਿਆ। ਪੁਲਿਸ ਨੇ ਮੌਕੇ 'ਤੇ ਪੁੱਜ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ

## ਹਾਈਕੋਰਟ ਨੂੰ ਵਟਸਐਪ ਨੇ ਦਿੱਤਾ ਜਵਾਬ ਐਨਕ੍ਰਿਪਸ਼ਨ ਹਟਾਉਣ ਨੂੰ ਮਜਬੂਰ ਕੀਤਾ ਤਾਂ ਭਾਰਤ ਵਿਚ ਬੰਦ ਕਰ ਦਿਆਂਗੇ ਸੇਵਾਵਾਂ




**ਚੰਡੀਗੜ੍ਹ, ਵਿਨੋਦ ਸ਼ਰਮਾ-** ਸੋਸ਼ਲ ਮੀਡੀਆ ਪਲੇਟਫਾਰਮ ਵਟਸਐਪ ਨੇ ਦਿੱਲੀ ਹਾਈ ਕੋਰਟ 'ਚ ਐਨਕ੍ਰਿਪਸ਼ਨ ਹਟਾਉਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਸਾਫ਼ ਤੌਰ 'ਤੇ ਕਿਹਾ ਹੈ ਕਿ ਜੇ ਉਸ ਨੂੰ ਐਨਕ੍ਰਿਪਸ਼ਨ ਹਟਾਉਣ ਲਈ ਕਿਹਾ ਗਿਆ ਤਾਂ ਉਹ ਭਾਰਤ ਛੱਡ ਦੇਵੇਗਾ। ਵਟਸਐਪ ਨੇ ਦਿੱਲੀ ਹਾਈ ਕੋਰਟ ਨੂੰ ਕਿਹਾ ਹੈ ਕਿ ਜੇ ਮੈਸੇਜ ਇਨਕ੍ਰਿਪਸ਼ਨ ਨੂੰ ਤੋੜਨ ਲਈ ਮਜ਼ਬੂਰ ਕੀਤਾ ਜਾਂਦਾ ਹੈ।

## ਜਲੰਧਰ ਵਿੱਚ ਟੈਂਕਰ ਬਣਿਆ ਕਾਲ ਕਈ ਲੋਕ ਕੀਤੇ ਜਖਮੀ

**ਜਲੰਧਰ, ਹਰਬੰਸ ਬਿੱਟੂ** -ਜਲੰਧਰ ਦੇ ਪਠਾਨਕੋਟ ਚੌਂਕ 'ਤੇ ਸ਼ੁੱਕਰਵਾਰ ਦੁਪਹਿਰ ਨੂੰ ਇਕ ਦੁੱਧ ਵਾਲਾ ਟੈਂਕਰ ਬੇਕਾਬੂ ਹੋ ਗਿਆ। ਕੁਝ ਹੀ ਦੇਰ ਵਿਚ ਟੈਂਕਰ ਦੇ ਅੱਗੇ ਜੋ ਵੀ ਵਾਹਨ ਆਇਆ, ਉਸ ਨੂੰ ਟੈਂਕਰ ਘੜੀਸ ਕੇ ਲੈ ਗਿਆ। ਟੈਂਕਰ ਨੇ ਕਰੀਬ 8 ਵਾਹਨਾਂ ਅਤੇ 4 ਆਟੋ ਨੂੰ ਟੱਕਰ ਮਾਰੀ, ਜਿਸ ਤੋਂ ਬਾਅਦ ਇਹ ਰੁਕ ਗਿਆ। ਦੱਸਿਆ ਜਾ ਰਿਹਾ ਹੈ ਕਿ ਟੈਂਕਰ ਚਾਲਕ ਜਾਂ ਤਾਂ ਸੌਂ ਗਿਆ ਸੀ ਜਾਂ ਉਹ ਕਿਸੇ ਨਸ਼ੇ ਵਿਚ ਸੀ।

## ਦੇਸ਼ ਵਿਚ ਨਤੀਜਿਆਂ ਦੇ ਐਲਾਨ ਤੇ ਫੇਲ੍ਹ ਹੋਣ ਕਾਰਨ 7 ਵਿਦਿਆਰਥੀਆਂ ਨੇ ਕੀਤੀ ਖ਼ੁਦਕੁਸ਼ੀ

ਹੈਦਰਾਬਾਦ, - ਤਿਲੰਗਾਨਾ ਵਿੱਚ ਨਤੀਜੇ ਐਲਾਨਣ ਦੇ 48 ਘੰਟਿਆਂ ਦੌਰਾਨ ਪ੍ਰੀਖਿਆ ਵਿੱਚ ਫੇਲ੍ਹ ਹੋਣ ਕਾਰਨ ਸੱਤ ਇੰਟਰਮੀਡੀਏਟ ਵਿਦਿਆਰਥੀਆਂ ਨੇ ਕਥਿਤ ਤੌਰ 'ਤੇ ਖ਼ੁਦਕੁਸ਼ੀ ਕਰ ਲਈ। ਤਿਲੰਗਾਨਾ ਬੋਰਡ ਆਫ਼ ਇੰਟਰਮੀਡੀਏਟ ਪ੍ਰੀਖਿਆਵਾਂ ਨੇ 24 ਅਪਰੈਲ ਨੂੰ ਪਹਿਲੇ ਸਾਲ ਅਤੇ ਦੂਜੇ ਸਾਲ ਦੇ ਨਤੀਜਿਆਂ ਦਾ ਐਲਾਨ ਕੀਤਾ। ਪ੍ਰੀਖਿਆ ਵਿੱਚ ਫੇਲ੍ਹ ਹੋਣ ਤੋਂ ਬਾਅਦ ਦੋ ਲੜਕੀਆਂ ਨੇ ਕਥਿਤ ਤੌਰ 'ਤੇ ਖ਼ੁਦਕੁਸ਼ੀ ਕਰ ਲਈ। ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਇੱਕ ਵਿਦਿਆਰਥਣ ਨੇ ਆਪਣੇ ਘਰ ਵਿੱਚ ਫਾਹਾ ਲੈ ਲਿਆ ਜਦਕਿ ਦੂਜੀ ਨੇ ਖੂਹ ਵਿੱਚ ਛਾਲ ਮਾਰ ਦਿੱਤੀ।

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697, 97806-00998

ਪੰਜਾਬ ਦੇ ਹਰ ਜਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਵਿਆਹ ਸਮਾਗਮ ਦੌਰਾਨ ਫਟਿਆ ਗੈਸ ਸਿਲੰਡਰ, ਇੱਕੋ ਪਰਿਵਾਰ ਦੇ 6 ਜੀਆਂ ਦੀ ਮੌਤ

ਨਵੀਂ ਦਿੱਲੀ:- ਬਿਹਾਰ ਦੇ ਦਰਭੰਗਾ ਤੋਂ ਇੱਕ ਬਹੁਤ ਹੀ ਦਰਦਨਾਕ ਘਟਨਾ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦਰਭੰਗਾ ਦੇ ਅਲੀਨਗਰ ਬਲਾਕ ਦੇ ਅੰਟੋਰ ਪਿੰਡ ਵਿੱਚ ਹੋਏ ਸਿਲੰਡਰ ਧਮਾਕੇ ਵਿੱਚ ਇੱਕ ਹੀ ਪਰਿਵਾਰ ਦੇ ਛੇ ਲੋਕਾਂ ਦੀ ਮੌਤ ਹੋ ਜਾਣ ਦੀ ਖ਼ਬਰ ਹੈ।

ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸਿਲੰਡਰ ਵਿੱਚ ਧਮਾਕਾ, ਘਰ ਵਿੱਚ ਪਟਾਕਿਆਂ ਕਾਰਨ ਲੱਗੀ ਅੱਗ ਕਾਰਨ ਹੋਇਆ ਹੈ। ਇਸ ਘਟਨਾ ਵਿੱਚ ਕੁਝ ਪਸ਼ੂਆਂ ਦੇ ਵੀ ਮਾਰੇ ਜਾਣ ਦੀ ਖ਼ਬਰ ਹੈ।

ਪੁਲਸ ਜਾਂਚ 'ਚ ਸਾਹਮਣੇ ਆਇਆ ਹੈ ਕਿ ਵੀਰਵਾਰ ਦੇਰ ਰਾਤ ਪਿੰਡ 'ਚ ਛਗਨ ਪਾਸਵਾਨ



ਦੀ ਬੇਟੀ ਦਾ ਵਿਆਹ ਸੀ। ਰਾਮਚੰਦਰ ਪਾਸਵਾਨ ਦੇ ਰਿਹਾਇਸ਼ੀ ਕੰਪਲੈਕਸ ਵਿੱਚ ਸ਼ਾਮਿਆਨੇ ਅਤੇ ਵਿਆਹ ਸਮਾਗਮ ਅਤੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ। ਵਿਆਹ ਸਮਾਗਮ 'ਤੇ ਪਹੁੰਚ ਕੇ ਲੋਕਾਂ ਨੇ ਪਟਾਕੇ ਚਲਾਏ, ਜਿਸ ਕਾਰਨ ਟੈਂਟ ਨੂੰ ਅੱਗ ਲੱਗ ਗਈ। ਕੁਝ ਦੇਰ ਵਿਚ ਹੀ ਪੂਰੇ ਟੈਂਟ ਨੂੰ ਅੱਗ ਲੱਗ ਗਈ।

ਇਸ ਦੌਰਾਨ ਉੱਥੇ ਰੱਖਿਆ ਸਿਲੰਡਰ ਫਟ ਗਿਆ ਅਤੇ ਇਸ ਤੋਂ ਲੱਗੀ ਅੱਗ ਨੇ ਰਾਮਚੰਦਰ ਪਾਸਵਾਨ ਦੇ ਦਰਵਾਜ਼ੇ 'ਤੇ ਰੱਖੇ ਡੀਜ਼ਲ ਸਟਾਕ ਨੂੰ ਆਪਣੀ ਲਪੇਟ 'ਚ ਲੈ ਲਿਆ। ਜਿਸ ਕਾਰਨ ਅੱਗ ਨੇ ਭਿਆਨਕ ਰੂਪ ਧਾਰਨ ਕਰ ਲਿਆ ਅਤੇ ਉਸਦੇ ਪਰਿਵਾਰ ਦੇ 6 ਲੋਕਾਂ ਦੀ ਮੌਤ ਹੋ ਗਈ।

## ਪੰਜਾਬ ਦੇ ਹਜ਼ਾਰਾਂ ਬੇਰੁਜ਼ਗਾਰਾਂ ਨੇ ਭਗਵੰਤ ਮਾਨ ਸਰਕਾਰ ਦੀ 2 ਸਾਲਾਂ ਦੀ ਕਾਰਗੁਜ਼ਾਰੀ 'ਤੇ ਚੁੱਕੇ ਸਵਾਲ

ਪਟਿਆਲਾ- ਲੋਕ ਸਭਾ ਚੋਣਾਂ ਦਾ ਮੈਦਾਨ ਭਖਣ ਤੋ ਪਹਿਲਾਂ ਹੀ ਪੰਜਾਬ ਦੇ ਬੇਰੁਜ਼ਗਾਰਾਂ ਨੇ ਪੰਜਾਬ ਸਰਕਾਰ ਦੀ ਦੋ ਸਾਲ ਦੀ ਕਾਰਗੁਜ਼ਾਰੀ ਦਾ ਲੇਖਾ ਜੋਖਾ ਜਨਤਾ ਦੀ ਕਚਹਿਰੀ ਵਿੱਚ ਰੱਖਣ ਅਤੇ ਆਉਂਦੇ ਤਿੰਨ ਸਾਲਾਂ ਵਿੱਚ ਰੁਜ਼ਗਾਰ ਦੇ ਮਸਲੇ ਉੱਤੇ ਸਰਕਾਰ ਨੂੰ ਗੰਭੀਰ ਹੋਣ ਦੀ ਚਿਤਾਵਨੀ ਦੇਣ ਲਈ ਆਪਣਾ ਸੰਘਰਸ਼ ਵਿੱਢ ਦਿੱਤਾ ਹੈ।

ਪੰਜ ਬੇਰੁਜ਼ਗਾਰ ਜਥੇਬੰਦੀਆਂ ਉੱਤੇ ਆਧਾਰਿਤ ਬੇਰੁਜ਼ਗਾਰ ਸਾਂਝੇ ਮੋਰਚੇ ਨੇ ਸਥਾਨਕ ਗੁਰਦਵਾਰਾ ਦੁਖਨਿਵਾਰਨ ਸਾਹਿਬ ਦੇ ਸਾਹਮਣੇ ਇਕੱਠੇ ਹੋਣ ਤੋਂ ਬਾਅਦ ਮਾਰਚ ਕਰਕੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਦੇ ਨਾਮ ਮੰਗ ਪੱਤਰ ਉਹਨਾਂ ਦੇ ਬੇਟੇ ਨੂੰ ਸੌਂਪਿਆ।

ਬੇਰੁਜ਼ਗਾਰਾਂ ਨੇ ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਬਲਬੀਰ ਸਿੰਘ ਉੱਪਰ ਦੋਸ਼ ਲਗਾਇਆ ਕਿ ਉਹਨਾਂ ਨੇ ਸਿਹਤ ਨਾਲ ਸੰਬੰਧਤ ਜਥੇਬੰਦੀਆਂ ਨਾਲ ਦੋ ਸਾਲਾਂ ਦੌਰਾਨ ਕੋਈ ਪੈਨਲ ਮੀਟਿੰਗ ਨਹੀਂ ਕੀਤੀ।

ਮੋਰਚੇ ਦੇ ਆਗੂਆਂ ਸੁਖਵਿੰਦਰ ਸਿੰਘ ਢਿੱਲਵਾਂ, ਰਮਨ ਕੁਮਾਰ ਮਲੋਟ, ਹਰਜਿੰਦਰ ਸਿੰਘ ਝੁਨੀਰ ਅਤੇ ਅਮਨਦੀਪ ਸਿੰਘ ਸੇਖਾ ਨੇ ਦੱਸਿਆ ਕਿ ਪੰਜਾਬ ਦੀ ਸਰਕਾਰ ਨੇ ਦੋ ਸਾਲ ਵਿੱਚ ਸਿੱਖਿਆ ਅਤੇ ਸਿਹਤ ਵਿਭਾਗ ਵਿੱਚ ਇੱਕ ਵੀ ਭਰਤੀ ਨਹੀਂ ਕੀਤੀ ਸਗੋਂ ਪਿਛਲੀ ਸਰਕਾਰ ਮੌਕੇ ਦੀਆਂ ਜਾਰੀ ਭਰਤੀਆਂ ਨੂੰ ਲਟਕਾਇਆ ਜਾ ਰਿਹਾ ਹੈ।

ਉਹਨਾਂ ਦੱਸਿਆ ਕਿ ਰੁਜ਼ਗਾਰ ਦੇਣ ਦਾ ਵਾਅਦਾ ਲੈ ਕੇ ਸੱਤਾ ਵਿਚ ਆਈ ਸਰਕਾਰ ਨੇ ਰੁਜ਼ਗਾਰ ਦੇਣ ਦੀ ਬਜਾਏ ਅਨੇਕਾਂ ਵਾਰ ਮੁੱਖ



ਮੰਤਰੀ ਦੀ ਕੋਠੀ ਅੱਗੇ ਸੰਗਰੂਰ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਕੋਠੀ ਅੱਗੇ ਗੰਭੀਰਪੁਰਾ ਵਿਖੇ ਪੰਜਾਬ ਦੀ ਪੜੀ ਲਿਖੀ ਬੇਰੁਜ਼ਗਾਰ ਨੌਜਵਾਨੀ ਉੱਤੇ ਜ਼ਬਰ ਕੀਤਾ ਹੈ, ਜਿਸਦਾ ਖਮਿਆਜ਼ਾ ਇਹਨਾ ਨੂੰ ਲੋਕ ਸਭਾ ਚੋਣਾਂ ਵਿੱਚ ਭੁਗਤਣਾ ਪਵੇਗਾ।

ਉਹਨਾਂ ਕਿਹਾ ਕਿ ਸਰਕਾਰ ਨੇ ਜੇਕਰ ਬਾਕੀ ਬਚੇ ਤਿੰਨ ਸਾਲਾਂ ਵਿੱਚ ਭਰਤੀ ਨਾ ਕੀਤੀ ਤਾਂ ਪੰਜਾਬ ਦੇ ਬੇਰੁਜ਼ਗਾਰ ਹਰੇਕ ਮੋੜ ਉੱਤੇ ਸਰਕਾਰ ਨੂੰ ਘੇਰਨਗੇ। ਇਸ ਮੌਕੇ ਡਾ. ਬਲਬੀਰ ਸਿੰਘ ਦੇ ਪੁੱਤਰ ਰਾਹੁਲ ਨੇ ਜਿਉਂ ਹੀ ਬੇਰੁਜ਼ਗਾਰਾਂ ਤੋ ਮੰਗ ਪੱਤਰ ਪ੍ਰਾਪਤ ਕਰਨਾ ਚਾਹਿਆ ਤਾਂ ਬੇਰੁਜ਼ਗਾਰਾਂ ਨੇ ਤਿੱਖੇ ਸਵਾਲ ਕਰਕੇ ਲਾਜਵਾਬ ਕਰ ਦਿੱਤਾ। ਬੇਰੁਜ਼ਗਾਰਾਂ ਨੇ ਪਿਛਲੇ ਸਮੇਂ ਮੁੱਖ ਮੰਤਰੀ ਦੀ ਕੋਠੀ ਅੱਗੇ ਹੋਏ ਲਾਠੀਚਾਰਜ, ਸਰਕਾਰ ਵੱਲੋਂ ਵਾਅਦਾ ਕਰਨ ਦੇ ਬਾਵਜੂਦ 55% ਦੀ ਸ਼ਰਤ ਰੱਦ ਨਾ ਕਰਨ, ਆਰਟ ਐਂਡ ਕਰਾਫਟ ਦੀਆਂ 250 ਅਸਾਮੀਆਂ ਦਾ ਪੇਪਰ ਨਾ ਲੈਣ ਅਤੇ ਉਮਰ ਹੱਦ ਛੋਟ ਨਾ ਦੇਣ ਉੱਤੇ ਇਤਰਾਜ਼ ਜਤਾਇਆ।

ਇਸ ਮੌਕੇ ਜਗਸੀਰ ਝਲੂਰ, ਸੰਦੀਪ ਮੋਫਰ ਮਾਨਸਾ, ਕੁਲਵਿੰਦਰ ਸਿੰਘ ਨਿਜ਼ਾਮਪੁਰ, ਸ਼ੈਲੇਸ਼ ਕੁਮਾਰ ਪਟਿਆਲਾ, ਲਲਿਤਾ ਪਟਿਆਲਾ, ਮਨਜੀਤ ਕੌਰ ਘੱਗਾ, ਪਰਦੀਪ ਕੌਰ ਪਾਤੜਾਂ, ਰਾਧਿਕਾ ਪਟਿਆਲਾ, ਪ੍ਰੀਤੀ ਨਾਭਾ, ਗਗਨਦੀਪ ਕੌਰ ਸਮਾਣਾ, ਗੁਰਦੀਪ ਕੌਰ ਫਤਹਿ ਮਾਜਰੀ, ਰਮਨਦੀਪ ਕੌਰ ਫਤਹਿ ਮਾਜਰੀ, ਸ਼ਿਗਾਰਾ ਸਿੰਘ ਫਤਹਿ ਮਾਜਰੀ, ਹੁਰਪ੍ਰੀਤ ਸਿੰਘ ਮਾਨਸਾ, ਅੰਮ੍ਰਿਤ ਸਿੰਘ ਪਟਿਆਲਾ, ਲਖਵੀਰ ਸਿੰਘ ਬਰਨਾਲਾ, ਮਨਪ੍ਰੀਤ ਸਿੰਘ ਭੁੱਚੋ ਮੰਡੀ, ਨਾਹਰ ਸਿੰਘ, ਸਤਨਾਮ ਸਿੰਘ, ਹੀਰਾ ਲਾਲ ਅੰਮ੍ਰਿਤਸਰ, ਹਰਮਨਦੀਪ ਸਿੰਘ ਪਾਤੜਾਂ, ਪਰਮੀਤ ਫਤਹਿਗੜ੍ਹ ਸਾਹਿਬ, ਰਮਨਪ੍ਰੀਤ ਕੌਰ ਪਟਿਆਲਾ, ਸਿਮਰਨਜੀਤ ਕੌਰ ਪਟਿਆਲਾ, ਹਰਪ੍ਰੀਤ ਸਿੰਘ ਫਤਹਿਗੜ੍ਹ ਸਾਹਿਬ, ਜਤਿੰਦਰ ਸਿੰਘ ਪਟਿਆਲਾ ਆਦਿ ਹਾਜ਼ਰ ਸਨ।

## ਹਿਮਾਚਲ 'ਚ ਵਾਪਰਿਆ ਦਰਦਨਾਕ ਹਾਦਸਾ, ਬੱਸ ਤੇ ਕਾਰ ਦੀ ਭਿਆਨਕ ਟੱਕਰ 'ਚ ਇਕ ਦੀ ਮੌਤ, ਕਈ ਜ਼ਖਮੀ

ਊਨਾ- ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਦੀ ਅੰਬ ਸਬ ਡਿਵੀਜ਼ਨ ਅਧੀਨ ਪੈਂਦੇ ਧੁੱਸਾਡਾ ਵਿੱਚ ਇੱਕ ਦਰਦਨਾਕ ਹਾਦਸਾ ਵਾਪਰਿਆ ਹੈ। ਹਿਮਾਚਲ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਬੱਸ ਅਤੇ ਕਾਰ ਵਿਚਾਲੇ ਭਿਆਨਕ ਟੱਕਰ ਹੋ ਗਈ। ਹਾਦਸੇ 'ਚ ਕਾਰ ਚਾਲਕ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਬੱਸ ਦੇ ਡਰਾਈਵਰ ਅਤੇ ਕੰਡਕਟਰ ਸਮੇਤ ਕਈ ਸਵਾਰੀਆਂ ਜ਼ਖਮੀ ਹੋ ਗਈਆਂ।

ਜਾਣਕਾਰੀ ਮੁਤਾਬਕ, ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਬੱਸ ਚਾਲਕ ਨੇ ਦੱਸਿਆ ਕਿ ਵੀਰਵਾਰ ਰਾਤ ਉਹ ਟਰਾਂਸਪੋਰਟ ਨਿਗਮ ਦੀ ਬੱਸ (ਐੱਚ.ਪੀ. 73ਏ 5041) ਵਿੱਚ ਹਰਿਦੁਆਰ ਤੋਂ ਚੰਬਾ ਵੱਲ ਜਾ ਰਿਹਾ ਸੀ। ਇਸੇ ਦੌਰਾਨ ਧੁੱਸਾੜਾ ਕੋਲ ਪੁੱਜਣ 'ਤੇ ਕਾਰ ਚਾਲਕ ਵਿਨੋਦ ਕੁਮਾਰ ਨੇ ਕਾਰ (ਐੱਚ.ਪੀ. 19ਐੱਫ 4399) ਨੂੰ ਲਾਪਰਵਾਹੀ ਨਾਲ ਚਲਾ ਕੇ ਸਾਹਮਣੇ ਤੋਂ ਆ ਕੇ ਬੱਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ।

ਕੰਡਕਟਰ ਸਮੇਤ ਬੱਸ ਵਿੱਚ ਸਵਾਰ ਕਈ ਸਵਾਰੀਆਂ ਨੂੰ ਵੀ ਮਾਮੂਲੀ ਸੱਟਾਂ ਲੱਗੀਆਂ, ਜਿਨ੍ਹਾਂ ਨੂੰ ਨੇੜਲੇ ਹਸਪਤਾਲ ਵਿੱਚ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ। ਮ੍ਰਿਤਕ ਦੀ ਲਾਸ਼ ਨੂੰ ਵੀ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਖੇਤਰੀ ਹਸਪਤਾਲ ਭੇਜ ਦਿੱਤਾ ਗਿਆ ਹੈ ਜਦਕਿ ਘਟਨਾ ਦੇ ਸਬੰਧ 'ਚ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਨੇ ਮ੍ਰਿਤਕ ਦੀ ਪਛਾਣ ਵਿਨੋਦ ਕੁਮਾਰ (41) ਪੁੱਤਰ ਬੰਸੀ ਲਾਲ ਵਾਸੀ ਟਕਰਾਲਾ ਵਜੋਂ ਕੀਤੀ ਹੈ। ਬੱਸ ਚਾਲਕ ਨਿਗੇਸ਼ ਕੁਮਾਰ ਦੀ ਸ਼ਿਕਾਇਤ ਦੇ ਆਧਾਰ 'ਤੇ ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਜ਼ਿਲ੍ਹਾ ਪੁਲਸ ਮੁਖੀ ਰਾਕੇਸ਼ ਸਿੰਘ ਨੇ ਮਾਮਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪੁਲਸ ਨੇ ਘਟਨਾ ਦੇ ਸਬੰਧ ਵਿੱਚ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।




## ਸ਼ਹੀਦ ਫੌਜੀਆਂ ਦੀ ਯਾਦ ਵਿੱਚ ਤਿੰਨ ਰੋਜ਼ਾ ਅਖੰਡ ਪਾਠ ਹੋਇਆ ਆਰੰਭ

ਚੰਡੀਗੜ੍ਹ, ਪਹਿਲੇ ਵਿਸ਼ਵ ਯੁੱਧ ਦੌਰਾਨ ਬੈਲਜੀਅਮ ਵਿੱਚ ਬਰਤਾਨਵੀ ਫੌਜ ਲਈ ਸ਼ਹੀਦ ਹੋਏ ਪੰਜਾਬ ਦੇ ਸਿੱਖ ਫੌਜੀਆਂ ਦੀ ਯਾਦ ਵਿੱਚ 325ਵੇਂ ਖਾਲਸਾ ਸਾਜਨਾ ਦਿਵਸ ਮੌਕੇ ਤਿੰਨ ਰੋਜ਼ਾ ਅਖੰਡ ਪਾਠ ਸ਼ੁਰੂ ਹੋਇਆ । ਇਹ ਪਾਠ ਬੈਲਜੀਅਮ ਦੇ ਯਪ੍ਰੇਸ ਸਥਿਤ ਇਨਫਲੈਂਡਰਜ਼ ਫੀਲਡ ਮਿਊਜ਼ੀਅਮ ਦੇ ਨਾਲ-ਨਾਲ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ 34 ਚੰਡੀਗੜ੍ਹ ਵਿਖੇ ਵੀ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਇਕੱਤਰ ਹੋ ਕੇ ਇਸ ਪਾਠ ਰਾਹੀਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ? ਚੰਡੀਗੜ੍ਹ ਵਿਖੇ ਸਿਖਿਆ ਸੀਕਰਸ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਪਾਠ ਵਿਚ ਸੰਗਤਾਂ ਤੋਂ ਇਲਾਵਾ ਸਾਬਕਾ ਸੈਨਿਕਾਂ ਦੇ ਨਾਲ-ਨਾਲ ਸ਼ਹੀਦ ਹੋਏ ਫੌਜੀਆਂ ਦੇ ਰਿਸ਼ਤੇਦਾਰ ਵੀ ਸ਼ਾਮਲ ਹੋਏ। ਸਿਖਿਆ ਸੀਕਰਸ ਦੇ ਸੰਸਥਾਪਕ ਕਰਨਲ ਪਰਮਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਭਾਰਤੀ ਅਤੇ ਪੰਜਾਬੀ ਸੈਨਿਕਾਂ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਪਹਿਲੇ ਵਿਸ਼ਵ ਯੁੱਧ ਦੇ ਲਗਭਗ 100 ਸਾਲ ਬਾਅਦ ਵੀ ਵਿਦੇਸ਼ੀ ਧਰਤੀ 'ਤੇ ਉਨ੍ਹਾਂ ਨੂੰ ਧਾਰਮਿਕ ਰਸਮਾਂ ਰਾਹੀਂ ਯਾਦ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਸਨਮਾਨ ਲਈ ਬੈਲਜੀਅਮ ਸਥਿਤ ਮਿਊਜ਼ੀਅਮ ਮੈਨੇਜਮੈਂਟ ਦਾ ਤਹਿ ਦਿਲੋਂ ਧੰਨਵਾਦ ਕੀਤਾ। ਪਹਿਲੇ ਵਿਸ਼ਵ ਯੁੱਧ ਵਿੱਚ ਡੇਢ ਲੱਖ ਦੇ ਕਰੀਬ ਪੰਜਾਬੀ ਫੌਜੀਆਂ ਨੇ ਬਰਤਾਨਵੀ ਸਾਮਰਾਜ ਅਤੇ ਬੈਲਜੀਅਮ ਲਈ ਜਰਮਨੀ, ਆਸਟਰੀਆ-ਹੰਗਰੀ, ਬੁਲਗਾਰੀਆ ਅਤੇ ਓਟੋਮਨ ਸਾਮਰਾਜ ਦੀ ਸਾਂਝੀ ਕੇਂਦਰੀ ਸ਼ਕਤੀ ਵਿਰੁੱਧ ਲੜਾਈ ਲੜੀ। ਨਤੀਜੇ ਵਜੋਂ, ਬੈਲਜੀਅਮ ਜਰਮਨ ਫੌਜਾਂ ਦੇ ਕਬਜ਼ੇ ਤੋਂ ਬਚ ਗਿਆ ਅਤੇ ਅੰਤ ਵਿੱਚ ਸਹਿਯੋਗੀ ਦੇਸ਼ਾਂ ਦੇ ਬੈਲਜੀਅਮ ਧੜੇ ਦੀ ਜਿੱਤ ਹੋਈ। ਬੈਲਜੀਅਮ ਅਜੇ ਵੀ ਭਾਰਤ ਦਾ ਖਜ਼ਾਨਾ ਹੈ। ਇਹ ਪਾਠ ਭਲਕੇ ਵੀ ਜਾਰੀ ਰਹੇਗਾ ਅਤੇ ਐਤਵਾਰ ਦੁਪਹਿਰ ਭੋਗ ਨਾਲ ਸਮਾਪਤੀ ਹੋਵੇਗੀ।

# ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ

**ਗੁਰਦਾਸਪੁਰ ਜ਼ਿਲ੍ਹਾ ਕਣਕ ਦੀ ਖ਼ਰੀਦ ਦੌਰਾਨ ਕਿਸਾਨਾਂ ਨੂੰ ਸਭ ਤੋਂ ਪਹਿਲਾਂ ਤੇ ਜਲਦ ਅਦਾਇਗੀ ਕਰਨ ਵਿੱਚ ਸੂਬੇ ਭਰ ਵਿੱਚੋਂ ਮੋਹਰੀ, ਖ਼ਰੀਦੀ ਫ਼ਸਲ ਦੀ ਲਿਫ਼ਟਿੰਗ ਦੇ ਮਾਮਲੇ ਵਿੱਚ ਵੀ ਜ਼ਿਲ੍ਹਾ ਗੁਰਦਾਸਪੁਰ ਸੂਬੇ 'ਚੋਂ ਤੀਸਰੇ ਸਥਾਨ 'ਤੇ**




ਗੁਰਦਾਸਪੁਰ-ਨਵਨੀਤ ਕੁਮਾਰ - ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਦੀ ਅਗਵਾਈ ਹੇਠ ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ ਹੈ। ਗੁਰਦਾਸਪੁਰ ਜ਼ਿਲ੍ਹਾ ਕਣਕ ਦੀ ਖ਼ਰੀਦ ਦੌਰਾਨ ਕਿਸਾਨਾਂ ਨੂੰ ਸਭ ਤੋਂ ਪਹਿਲਾਂ ਤੇ ਜਲਦ ਅਦਾਇਗੀ ਕਰਨ ਵਿੱਚ ਸੂਬੇ ਭਰ ਵਿੱਚੋਂ ਮੋਹਰੀ ਚੱਲ ਰਿਹਾ ਹੈ। ਇਸ ਤੋਂ ਇਲਾਵਾ ਖ਼ਰੀਦੀ ਗਈ ਕਣਕ ਦੀ ਲਿਫ਼ਟਿੰਗ ਕਰਨ ਦੇ ਮਾਮਲੇ ਵਿੱਚ ਵੀ ਜ਼ਿਲ੍ਹਾ ਗੁਰਦਾਸਪੁਰ ਸੂਬੇ 'ਚੋਂ ਤੀਸਰੇ ਸਥਾਨ 'ਤੇ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 199431 ਮੀਟਰਿਕ ਟਨ ਕਣਕ ਪਹੁੰਚ ਚੁੱਕੀ ਹੈ ਜਿਸ ਵਿੱਚੋਂ 179708 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ। ਏਜੰਸੀ ਵਾਈਜ਼ ਖ਼ਰੀਦ ਦਾ ਬਿਉਰਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀ ਪਨਗਰੇਨ ਨੇ 5720 ਮੀਟਰਿਕ ਟਨ, ਮਾਰਕਫੈੱਡ ਨੇ 38296 ਮੀਟਰਿਕ ਟਨ, ਪਨਸਪ ਨੇ 44553 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 37099 ਮੀਟਰਿਕ ਟਨ ਅਤੇ ਐੱਫ਼.ਸੀ.ਆਈ. ਨੇ 2490 ਮੀਟਰਿਕ ਟਨ ਕਣਕ ਖ਼ਰੀਦੀ ਹੈ। ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਸਭ ਤੋਂ ਪਹਿਲਾਂ ਤੇ ਜਲਦ ਅਦਾਇਗੀ ਕਰਨ ਵਿੱਚ ਸੂਬੇ ਭਰ ਵਿੱਚੋਂ ਮੋਹਰੀ ਚੱਲ ਰਿਹਾ ਹੈ ਅਤੇ ਬੀਤੀ ਸ਼ਾਮ ਤੱਕ ਕਿਸਾਨਾਂ ਨੂੰ 257.4 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਖ਼ਰੀਦ ਏਜੰਸੀਆਂ ਨੂੰ ਇਹ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਕਿਸਾਨਾਂ ਦੀ ਜਿਨਸ ਨੂੰ ਖ਼ਰੀਦ ਕੇ ਬਿਨਾਂ ਕਿਸੇ ਦੇਰੀ ਉਸਦੀ ਅਦਾਇਗੀ ਕੀਤੀ ਜਾਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਕੋਈ ਮੁਸ਼ਕਲ ਨਾ ਆਵੇ ਇਸ ਲਈ ਖ਼ਰੀਦੀ ਗਈ ਕਣਕ ਦੀ ਲਿਫ਼ਟਿੰਗ ਵੀ ਨਾਲ ਦੀ ਨਾਲ ਹੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਣਕ ਦੀ ਲਿਫ਼ਟਿੰਗ ਕਰਨ ਦੇ ਮਾਮਲੇ ਵਿੱਚ ਵੀ ਜ਼ਿਲ੍ਹਾ ਗੁਰਦਾਸਪੁਰ ਸੂਬੇ ਵਿੱਚ ਤੀਸਰੇ ਸਥਾਨ 'ਤੇ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿਚੋਂ ਬੀਤੀ ਸ਼ਾਮ ਤੱਕ 61651.5 ਮੀਟਰਿਕ ਟਨ ਕਣਕ ਦੀ ਲਿਫ਼ਟਿੰਗ ਕਰ ਲਈ ਗਈ ਹੈ। ਉਨ੍ਹਾਂ ਕਿਹਾ ਕਿ ਲਿਫ਼ਟਿੰਗ ਵਿੱਚ ਹੋਰ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਵੀ ਕੀਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਣਕ ਦੀ ਫ਼ਸਲ ਦੀ ਨਿਰਵਿਘਨ ਖ਼ਰੀਦ ਲਈ ਵਚਨਬੱਧ ਹੈ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।

# ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਵਿਸ਼ੇਸ਼ ਸਾਰੰਗਲ ਵੱਲੋਂ ਐੱਮ.ਸੀ.ਐੱਮ.ਸੀ. ਸੈੱਲ ਦਾ ਦੌਰਾ

**ਸਿਆਸੀ ਇਸ਼ਤਿਹਾਰਬਾਜ਼ੀ, ਮੁੱਲ ਦੀਆਂ ਅਤੇ ਝੂਠੀਆਂ ਖ਼ਬਰਾਂ 'ਤੇ ਤਿੱਖੀ ਨਜ਼ਰ ਰੱਖਣ ਦੀਆਂ ਹਦਾਇਤਾਂ ਦਿੱਤੀਆਂ, ਇਲੈਕਟ੍ਰੋਨਿਕ ਮੀਡੀਆ, ਸੋਸ਼ਲ ਮੀਡੀਆ, ਬਲਕ ਐੱਸ.ਐੱਮ.ਐੱਸ, ਈ-ਪੇਪਰ ਵਿੱਚ ਕੋਈ ਵੀ ਸਿਆਸੀ ਇਸ਼ਤਿਹਾਰ ਐੱਮ.ਸੀ.ਐੱਮ.ਸੀ. ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਲਗਾਇਆ ਜਾਵੇ**



ਗੁਰਦਾਸਪੁਰ-ਨਵਨੀਤ ਕੁਮਾਰ - ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਵੱਲੋਂ ਮੀਡੀਆ ਸਰਟੀਫ਼ਿਕੇਸ਼ਨ ਤੇ ਮੋਨੀਟਰਿੰਗ ਕਮੇਟੀ (ਐੱਮ.ਸੀ.ਐੱਮ.ਸੀ) ਸੈੱਲ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਐੱਮ.ਸੀ.ਐੱਮ.ਸੀ. ਸੈੱਲ ਦੀ ਟੀਮ ਨੂੰ ਸਿਆਸੀ ਇਸ਼ਤਿਹਾਰਬਾਜ਼ੀ, ਮੁੱਲ ਦੀਆਂ ਖ਼ਬਰਾਂ ਅਤੇ ਝੂਠੀਆਂ ਖ਼ਬਰਾਂ 'ਤੇ ਤਿੱਖੀ ਨਜ਼ਰ ਰੱਖਣ ਦੀਆਂ ਹਦਾਇਤਾਂ ਦਿੱਤੀਆਂ।

ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਮਾਣਯੋਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਜ਼ਿਲ੍ਹਾ ਪੱਧਰ ਤੇ ਬਣੀ ਮੀਡੀਆ ਸਰਟੀਫ਼ਿਕੇਸ਼ਨ ਅਤੇ ਮੋਨੀਟਰਿੰਗ ਕਮੇਟੀ ਵੱਲੋਂ ਪ੍ਰਿੰਟ, ਇਲੈੱਕਟ੍ਰਾਨਿਕ ਅਤੇ ਸੋਸ਼ਲ ਮੀਡੀਆ 'ਤੇ 24 ਘੰਟੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਐੱਮ.ਸੀ.ਐੱਮ.ਸੀ. ਸੈੱਲ ਵੱਲੋਂ ਚੋਣਾਂ ਨਾਲ ਸਬੰਧਿਤ ਸਾਰੀਆਂ ਖ਼ਬਰਾਂ ਨੂੰ ਬਰੀਕੀ ਨਾਲ ਵਾਚਿਆ ਜਾ ਰਿਹਾ ਹੈ ਤਾਂ ਜੋ ਪੇਡ ਨਿਊਜ਼ ਨੂੰ ਰੋਕਿਆ ਜਾ ਸਕੇ। ਇਸ ਦੌਰਾਨ ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਬਲਕ ਐੱਸ.ਐੱਮ.ਐੱਸ ਤੇ ਵਾਈਸ ਮੈਸੇਜ, ਇਲੈਕਟ੍ਰੋਨਿਕ ਮੀਡੀਆ ਟੀ.ਵੀ. ਤੇ ਕੇਬਲ ਚੈਨਲ, ਜਨਤਕ ਥਾਵਾਂ 'ਤੇ ਆਡੀਓ-ਵੀਜ਼ੂਅਲ ਰਾਜਨੀਤਿਕ ਮੁਹਿੰਮ, ਇੰਟਰਨੈੱਟ ਅਤੇ ਸੋਸ਼ਲ ਮੀਡੀਆ, ਰੇਡੀਓ, ਈ-ਪੇਪਰ, ਸਿਨੇਮਾ ਹਾਲ ਵਿੱਚ ਕੋਈ ਵੀ ਸਿਆਸੀ ਇਸ਼ਤਿਹਾਰਬਾਜ਼ੀ ਮੀਡੀਆ ਸਰਟੀਫਿਕੇਸਨ ਅਤੇ ਮੋਨੀਟਰਿੰਗ ਕਮੇਟੀ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਜਾਰੀ ਨਹੀਂ ਕੀਤੀ ਜਾ ਸਕਦੀ। ਇਸੇ ਤਰਾਂ ਪ੍ਰਿੰਟ ਮੀਡੀਆ ਵਿੱਚ ਵੋਟਾਂ ਵਾਲੇ ਦਿਨ ਅਤੇ ਵੋਟਾਂ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਕੋਈ ਵੀ ਸਿਆਸੀ ਇਸ਼ਤਿਹਾਰ ਮੀਡੀਆ ਸਰਟੀਫਿਕੇਸ਼ਨ ਅਤੇ ਮੋਨੀਟਰਿੰਗ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਛਪ ਸਕਦਾ ਹੈ। ਉਨ੍ਹਾਂ ਕਿਹਾ ਕਿ ਮੀਡੀਆ ਵੱਲੋਂ ਚੋਣਾਂ ਦੌਰਾਨ ਲੋਕਾਂ ਨੂੰ ਵੋਟ ਅਧਿਕਾਰ ਪ੍ਰਤੀ ਜਾਗਰੂਕ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਜਾ ਰਹੀ ਹੈ ਪਰ ਨਾਲ ਹੀ ਉਨ੍ਹਾਂ ਨੇ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਸੋਸ਼ਲ ਮੀਡੀਆ ਤੇ ਆਉਣ ਵਾਲੀਆਂ ਖ਼ਬਰਾਂ ਦੀ ਪੁਸ਼ਟੀ ਕੀਤੇ ਬਿਨਾਂ ਉਨ੍ਹਾਂ ਨੂੰ ਅੱਗੇ ਸ਼ੇਅਰ ਨਾ ਕੀਤਾ ਜਾਵੇ ਤਾਂ ਜੋ ਝੂਠੀਆਂ ਖ਼ਬਰਾਂ ਦੇ ਪਸਾਰ ਨੂੰ ਰੋਕਿਆ ਜਾ ਸਕੇ। ਇਸ ਮੌਕੇ ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਰਿੰਗ ਕਮੇਟੀ (ਐੱਮ.ਸੀ.ਐੱਮ.ਸੀ) ਸੈੱਲ ਦੇ ਮੈਂਬਰ ਸਕੱਤਰ ਡੀ.ਪੀ.ਆਰ.ਓ. ਇੰਦਰਜੀਤ ਸਿੰਘ, ਚੋਣ ਤਹਿਸੀਲਦਾਰ ਸ. ਮਨਜਿੰਦਰ ਸਿੰਘ ਬਾਜਵਾ ਤੋਂ ਇਲਾਵਾ ਐੱਮ.ਸੀ.ਐੱਮ.ਸੀ. ਟੀਮ ਦੇ ਕਰਮਚਾਰੀ ਹਾਜ਼ਰ ਸਨ।

# ਨਾਰਦਰਨ ਇੰਡੀਆ ਇੰਸਟੀਚਿਊਟ ਆਫ਼ ਫ਼ੈਸ਼ਨ ਟੈਕਨਾਲੋਜੀ ਜਲੰਧਰ 'ਚ ਬੀ.ਐੱਸ.ਸੀ. ਫ਼ੈਸ਼ਨ ਡਿਜ਼ਾਈਨ 'ਚ ਦਾਖ਼ਲੇ ਦੀ ਆਖ਼ਰੀ ਮਿਤੀ 27 ਮਈ



ਗੁਰਦਾਸਪੁਰ-ਨਵਨੀਤ ਕੁਮਾਰ - ਨਾਰਦਰਨ ਇੰਡੀਆ ਇੰਸਟੀਚਿਊਟ ਆਫ਼ ਫ਼ੈਸ਼ਨ ਟੈਕਨਾਲੋਜੀ ਜਲੰਧਰ 'ਚ ਬੀ.ਐੱਸ.ਸੀ. ਫ਼ੈਸ਼ਨ ਡਿਜ਼ਾਈਨ ਚ ਦਾਖ਼ਲੇ ਦੀ ਆਖ਼ਰੀ ਮਿਤੀ 27 ਮਈ 2024 ਹੈ। ਨਾਰਦਰਨ ਇੰਡੀਆ ਇੰਸਟੀਚਿਊਟ ਆਫ਼ ਫ਼ੈਸ਼ਨ ਟੈਕਨਾਲੋਜੀ ਜਲੰਧਰ, ਗੁਰੂ ਗੋਬਿੰਦ ਸਿੰਘ ਐਵਿਨਿਊ, ਜਲੰਧਰ-ਅੰਮ੍ਰਿਤਸਰ ਹਾਈਵੇ 'ਤੇ ਸਥਿਤ ਹੈ ਇਹ ਸੰਸਥਾ ਵਿਚ ਤਿੰਨ ਸਾਲਾਂ ਦਾ ਡਿਗਰੀ ਕੋਰਸ ਕਰਵਾਏ ਜਾ ਰਹੇ ਹਨ, ਜਿਨ੍ਹਾਂ ਵਿਚ ਬੀ.ਐੱਸ.ਸੀ. ਫ਼ੈਸ਼ਨ ਡਿਜ਼ਾਈਨ, ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਵੱਲੋਂ ਮਾਨਤਾ ਪ੍ਰਾਪਤ ਅਤੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ, ਭਾਰਤ ਸਰਕਾਰ ਦੁਆਰਾ ਪ੍ਰਵਾਨਿਤ ਹੈ। ਜ਼ਿਲ੍ਹਾ ਉਦਯੋਗ ਕੇਂਦਰ ਬਟਾਲਾ ਦੇ ਜਨਰਲ ਮੈਨੇਜਰ ਸ. ਸੁਖਪਾਲ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਕੋਰਸਾਂ ਵਿੱਚ ਦਾਖ਼ਲੇ ਲਈ ਅਪਲਾਈ ਕਰਨ ਦੀ ਆਖ਼ਰੀ ਮਿਤੀ 27 ਮਈ 2024 ਹੈ ਅਤੇ ਦਾਖ਼ਲੇ ਸਬੰਧੀ ਹੋਰ ਜਾਣਕਾਰੀ ਲਈ 81463-09269 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਜਨਰਲ ਮੈਨੇਜਰ ਸ. ਸੁਖਪਾਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਕੋਰਸਾਂ ਵਿੱਚ ਯੋਗ ਉਮੀਦਵਾਰਾਂ ਜਿਨ੍ਹਾਂ ਨੇ ਕਿਸੇ ਮਾਨਤਾ ਪ੍ਰਾਪਤ ਬੋਰਡ/ਯੂਨੀਵਰਸਿਟੀ/ਕੌਂਸਲ ਤੋਂ 10+2 ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੈ, ਜਨਰਲ ਸਰਟੀਫਿਕੇਟ ਐਜੂਕੇਸ਼ਨ (ਜੀਸੀਈ) ਪ੍ਰੀਖਿਆ (ਲੰਡਨ/ਕੈਂਬਰਿਜ/ਸ੍ਰੀਲੰਕਾ) ਐਡਵਾਂਸ (ਏ) ਪੱਧਰ 'ਤੇ, ਜਾਂ ਪਾਸ ਕੀਤੀ ਹੈ। ਨੈਸ਼ਨਲ ਓਪਨ ਸਕੂਲ ਦੁਆਰਾ ਘੱਟੋ-ਘੱਟ ਪੰਜ ਵਿਸ਼ਿਆਂ ਦੇ ਨਾਲ ਆਯੋਜਿਤ ਸੀਨੀਅਰ ਸੈਕੰਡਰੀ ਪ੍ਰੀਖਿਆ ਵਿੱਚ ਗ੍ਰੇਡ ਵਿਚ ਪਾਸ ਕੀਤੀ ਹੋਵੇ ਦਾਖ਼ਲੇ ਲਈ ਯੋਗ ਹੋਣਗੇ • ਇਸ ਤੋਂ ਇਲਾਵਾ ਏ ਆਈ ਸੀ ਟੀ ਈ ਜਾਂ ਸਟੇਟ ਬੋਰਡ ਆਫ਼ ਟੈਕਨੀਕਲ ਐਜੂਕੇਸ਼ਨ ਦੁਆਰਾ ਮਾਨਤਾ ਪ੍ਰਾਪਤ 3 ਜਾਂ 4-ਸਾਲ ਦਾ ਡਿਪਲੋਮਾ ਵਾਲੇ ਉਮੀਦਵਾਰ ਯੋਗ ਹਨ। ਉਨ੍ਹਾਂ ਕਿਹਾ ਕਿ ਡਿਗਰੀ ਪੂਰੀ ਕਰਨ ਤੋਂ ਬਾਅਦ, ਵਿਦਿਆਰਥੀ ਆਪਣਾ ਵੱਖ-ਵੱਖ ਖੇਤਰਾਂ ਵਿਚ ਕੈਰੀਅਰ ਬਣਾ ਸਕਦੇ ਹਨ, ਜਿਸ ਵਿਚ ਫ਼ੈਸ਼ਨ ਡਿਜ਼ਾਈਨਰ, ਗ੍ਰਾਫਿਕ ਡਿਜ਼ਾਈਨਰ, ਨਿਰਯਾਤ/ਖ਼ਰੀਦਣ ਵਾਲੇ ਘਰਾਂ ਵਿੱਚ ਵਪਾਰੀ, ਵੀਜ਼ੁਅਲ ਮਰਚੈਂਡਾਈਜ਼ਰ, ਯੋਜਨਾ ਅਤੇ ਸੰਕਲਪ ਪ੍ਰਬੰਧਕ, ਗਾਰਮੈਂਟਸਸ ਉਤਪਾਦਨ ਪ੍ਰਬੰਧਕ, ਗਾਰਮੈਂਟ ਉਤਪਾਦਨ ਗੁਣਵੱਤਾ ਕੰਟਰੋਲਰ, ਫ਼ੈਸ਼ਨ ਐਕਸੈਸਰੀਜ਼ ਡਿਜ਼ਾਈਨਰ, ਫ਼ੈਸ਼ਨ ਰਿਟੇਲ। ਸਟੋਰ ਮੈਨੇਜਰ, ਨਿੱਜੀ ਸਟਾਈਲਿਸ਼ਟ, ਅਧਿਆਪਕ, ਅਤੇ ਟਰੇਨਰ ਆਦਿ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਕੋਰਸ ਲਈ ਫ਼ੀਸ ਲਗਭਗ 1,15,000/- ਰੁਪਏ ਪ੍ਰਤੀ ਸਾਲ ਹੈ, ਜੋ ਕਿ ਸੰਸਥਾ ਦੇ ਵਿਸ਼ਵ ਪੱਧਰੀ ਬੁਨਿਆਦੀ ਢਾਂਚੇ ਨੂੰ ਦੇਖਦੇ ਹੋਏ ਪ੍ਰਤੀਯੋਗੀ ਹੈ। ਇਹ ਸੰਸਥਾ ਅਤਿ-ਆਧੁਨਿਕ ਸਹੂਲਤਾਂ ਅਤੇ ਚੰਗੀ ਤਰ੍ਹਾਂ ਲੈਸ ਲੈਬਾਂ ਦਾ ਮਾਣ ਕਰਦਾ ਹੈ ਜੋ ਉਦਯੋਗ ਦੇ ਮਿਆਰਾਂ ਨੂੰ ਪੂਰਾ ਕਰਦੇ ਹਨ ਅਤੇ ਅੰਤਰਰਾਸ਼ਟਰੀ ਮਿਆਰਾਂ ਦੇ ਮੁਕਾਬਲੇ ਗਿਆਨ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੇ ਹਨ।

# 27 ਅਪ੍ਰੈਲ ਤੋਂ ਹੋਟਲ ਮੈਂਗੋ ਗਰੋਵ ਵਿਖੇ ਸ਼ੁਰੂ ਹੋ ਰਿਹਾ ਹੈ ਮੈਂਗਲੋਰੀਅਨ ਫੂਡ ਫੈਸਟੀਵਲ



ਚੰਡੀਗੜ੍ਹ, ਵਿਸਾਖ ਮਹੀਨੇ ਦੇ ਤਿਉਹਾਰ ਦੇ ਦੌਰਾਨ ਚੰਡੀਗੜ੍ਹ ਦੇ ਫ਼ੂਡ ਲਵਰਸ ਨੂੰ ਦੱਖਣੀ ਭਾਰਤ ਦੇ ਸੁਆਦੀ ਪਕਵਾਨਾਂ ਦਾ ਸਵਾਦ ਲੈਣ ਦਾ ਮੌਕਾ ਮਿਲ ਰਿਹਾ ਹੈ। ਮੌਕਾ ਹੈ ਹੋਟਲ ਮੈਂਗੋ ਗਰੋਵ, ਇੰਡਸਟਰੀਅਲ ਏਰੀਆ ਫੇਜ਼ 1 ਵਿਖੇ ਆਯੋਜਿਤ ਹੋਣ ਵਾਲੇ ਮੈਂਗਲੋਰੀਅਨ ਫ਼ੂਡ ਫੈਸਟੀਵਲ ਦਾ, ਜਿਸ ਵਿੱਚ ਕੰਨੜ ਅਤੇ ਕੋਂਕਣ ਖੇਤਰ ਦੇ ਪਕਵਾਨ ਪਰੋਸੇ ਜਾਣਗੇ।

ਹੋਟਲ ਦੇ ਜਨਰਲ ਮੈਨੇਜਰ ਰਾਜੇਸ਼ ਚੰਦੇਲ ਨੇ ਕਿਹਾ ਕਿ ਭਾਰਤ ਫ਼ੂਡ ਲਵਰਸ ਲਈ ਇੱਕ ਫਿਰਦੌਸ ਹੈ, ਜਿਸ ਵਿੱਚ ਚੁਣਨ ਲਈ ਬਹੁਤ ਸਾਰੇ ਵਿਕਲਪ ਹਨ! ਖੇਤਰ ਦੇ ਫ਼ੂਡ ਲਵਰਸ ਨੂੰ ਕੁਝ ਨਵੇਂ ਸੁਆਦ ਪ੍ਰਦਾਨ ਕਰਨ ਲਈ, ਅਸੀਂ ਕੰਨੜ ਖੇਤਰ ਦੇ ਜੀਵੰਤ ਸੱਭਿਆਚਾਰ ਨੂੰ ਸ਼ਹਿਰ ਵਿੱਚ ਲਿਆਉਣ ਲਈ ਆਪਣੇ ਹੋਟਲ ਵਿੱਚ ਮੈਂਗਲੋਰੀਅਨ ਫ਼ੂਡ ਫੈਸਟੀਵਲ ਦੀ ਮੇਜ਼ਬਾਨੀ ਕਰਨ ਲਈ ਉਤਸ਼ਾਹਿਤ ਹਾਂ। ਇਹ ਹਫਤਾ ਭਰ ਚੱਲਣ ਵਾਲਾ ਫ਼ੂਡ ਫੈਸਟੀਵਲ 27 ਅਪ੍ਰੈਲ ਤੋਂ ਸ਼ੁਰੂ ਹੋਵੇਗਾ ਅਤੇ 4 ਮਈ ਨੂੰ ਖਤਮ ਹੋਵੇਗਾ। ਇਹ ਫ਼ੂਡ ਫੈਸਟੀਵਲ ਚਿਕਮਗਲੂਰ, ਉਡੁਪੀ, ਮੰਗਲੂਰੂ ਅਤੇ ਕਰਨਾਟਕ ਦੇ ਹੋਰ ਪਰੰਪਰਾਗਤ ਕਸਬਿਆਂ ਦੇ ਪਕਵਾਨਾਂ ਦਾ ਇੱਕ ਪਲੇਟਫਾਰਮ ਪ੍ਰਦਾਨ ਕਰੇਗਾ ਜੋ ਸ਼ਹਿਰ ਵਾਸੀਆਂ ਦੇ ਨਾਲ ਇੱਕ ਹਿੱਟ ਹੋਣਾ ਯਕੀਨੀ ਹੈ।

ਫ਼ੂਡ ਫੈਸਟੀਵਲ ਦੀ ਅਗਵਾਈ ਸ਼ੈੱਫ ਸੁਨੀਲ ਕੁਮਾਰ ਕਰ ਰਹੇ ਹਨ, ਜਿਨ੍ਹਾਂ ਕੋਲ ਦੱਖਣੀ ਭਾਰਤ ਦੇ ਵੱਖ-ਵੱਖ ਸਟਾਰ ਰੇਟਿੰਗ ਹੋਟਲਾਂ ਵਿੱਚ ਲਗਭਗ ਦੋ ਦਹਾਕਿਆਂ ਦਾ ਅਨੁਭਵ ਹੈ। ਫ਼ੂਡ ਫੈਸਟੀਵਲ ਦੇ ਮੀਨੂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਦੋ ਦਰਜਨ ਦੇ ਕਰੀਬ ਸੁਆਦੀ ਪਕਵਾਨ ਪਰੋਸੇ ਜਾ ਰਹੇ ਹਨ ਜੋ ਕਿ ਸ਼ਾਕਾਹਾਰੀ ਅਤੇ ਮਾਸਾਹਾਰੀ ਪਕਵਾਨਾਂ ਦਾ ਸੁਮੇਲ ਹੈ। ਸ਼ਾਕਾਹਾਰੀ ਸਟਾਰਟਰ ਵਿੱਚ ਘਸੀ ਟਿੱਕਾ, ਮੰਡੱਕੀ, ਉਡੁਪੀ ਚਾਟ ਸ਼ਾਮਲ ਹਨ ਜਦੋਂ ਕਿ ਨਾਨ ਵੈਜ ਸਟਾਰਟਰ ਵਿੱਚ ਅੰਜਲ ਫਰਾਈ ਅਤੇ ਡਰਾਈ ਚਿਕਨ ਸ਼ਾਮਲ ਹਨ। ਰਸਮ ਨੂੰ ਸੂਪ ਦੇ ਰੂਪ ਵਿੱਚ ਪਰੋਸਿਆ ਜਾ ਰਿਹਾ ਹੈ। ਮੇਨ ਕੋਰਸ ਵਿੱਚ ਚਿਕਨ ਚੇਟੀਨਾਡ, ਕੋਂਗੂਨੰਦ ਵੇਲਾ ਕਰੀ, ਮੰਗਲੋਰੀਅਨ ਪਨੀਰ, ਮੱਕੇ ਕਾਈ, ਦਾਲ ਫਰਾਈ, ਐਨੀਗੇ ਮਸਾਲਾ, ਅਨਾਨਾਸ ਪ੍ਰੂੰਜਰੀ, ਇੰਜੀ ਪੁਲੀ, ਬਿਸੀ ਬੇਲੇ ਭਾਤ, ਚਿਤਰਾਣਾ ਚਾਵਲ, ਕੇਰਲਾ ਪਰਾਠਾ, ਅੱਕੀ ਰੋਟੀ ਸ਼ਾਮਲ ਹਨ, ਕੋਈ ਵੀ ਤਿਉਹਾਰ ਮਠਿਆਈਆਂ ਤੋਂ ਬਿਨਾਂ ਪੂਰਾ ਨਹੀਂ ਹੁੰਦਾ। ਭੋਜਨ ਦੇ ਅੰਤ 'ਤੇ ਤੁਸੀਂ ਅਦਾ ਪਯਾਸਮ, ਮੈਸੂਰ ਪਾਕ ਅਤੇ ਮਿੱਠੇ ਪੋਂਗਲ ਦੀ ਮਿਠਾਸ ਦਾ ਆਨੰਦ ਲੈ ਸਕਦੇ ਹੋ। ਇਹ ਸਾਰੇ ਪਕਵਾਨ ਮਾਲਾਬਾਰ ਅਤੇ ਕੋਂਕਣ ਦੀਆਂ ਪਹਾੜੀਆਂ ਤੋਂ ਲਿਆਂਦੇ ਸ਼ੁੱਧ ਮਸਾਲਿਆਂ ਨਾਲ ਤਿਆਰ ਕੀਤੇ ਜਾ ਰਹੇ ਹਨ।

# ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਵੱਲੋਂ ਕੋਟ ਈਸੇ ਖਾਂ ਵਿਖੇ ਦੁਕਾਨਦਾਰਾਂ ਨੂੰ ਬੀਜੇਪੀ ਨੂੰ ਵੋਟ ਨਾ ਪਾਉਣ ਦੀ ਕੀਤੀ ਅਪੀਲ



ਕੋਟ ਈਸੇ ਖਾਂ, (ਅਰੋੜਾ)-ਭਾਰਤੀ ਕਿਸਾਨ ਯੂਨੀਅਨ ਪੰਜਾਬ ਤੋਤੇਵਾਲ ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਨੇ ਸਾਥੀਆਂ ਸਮੇਤ ਅੰਮ੍ਰਿਤਸਰ ਰੋਡ ਕੋਟ ਈਸੇ ਖਾਂ ਵਿਖੇ ਕੱਲੀ ਕੱਲੀ ਦੁਕਾਨ ਅਤੇ ਘਰਾਂ ਚ ਜਾਕੇ ਬੀਜੇਪੀ ਨੂੰ ਵੋਟ ਨਾ ਪਾਉਣ ਦਾ ਸੱਦਾ ਦਿੱਤਾ ਅਤੇ ਸਵਾਲਨਾਮੇ ਦੇ ਪਰਚੇ ਦੁਕਾਨਦਾਰਾਂ ਨੂੰ ਵੰਡੇ,ਸੁੱਖ ਗਿੱਲ ਮੋਗਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦੇਂਦਿਆਂ ਕਿਹਾ ਕੇ ਸਾਡੀ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਵੱਲੋਂ ਪਿਛਲੇ ਦਿਨੀ ਧਰਮਕੋਟ ਵਿਖੇ ਹੰਸਰਾਜ ਹੰਸ ਦਾ,ਮਹਿਤਪੁਰ ਵਿਖੇ ਸੁਸ਼ੀਲ ਰਿੰਕੂ ਦਾ ਡਟਵਾਂ ਵਿਰੋਧ ਕੀਤਾ ਗਿਆ ਅਤੇ ਆਉਣ ਵਾਲੇ ਦਿਨਾਂ ਵਿੱਚ ਹਰ ਇੱਕ ਬੀਜੇਪੀ ਦੇ ਆਗੂ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ ਅਤੇ ਜਥੇਬੰਦੀ ਵੱਲੋਂ ਪਿੰਡ ਪਿੰਡ,ਸ਼ਹਿਰ ਸ਼ਹਿਰ ਜਾ ਕੇ ਬੀਜੇਪੀ ਨੂੰ ਵੋਟ ਨਾ ਪਾਉਣ ਦਾ ਸੱਦਾ ਦਿੱਤਾ ਜਾਵੇਗਾ।ਇਸ ਮੌਕੇ ਗੁਰਮੇਲ ਸਿੰਘ ਕੋਟ ਈਸੇ ਖਾਂ,ਦਵਿੰਦਰ ਸਿੰਘ ਕੋਟ ਈਸੇ ਖਾਂ ਸ਼ਹਿਰੀ ਪ੍ਰਧਾਨ,ਜਰਨੈਲ ਸਿੰਘ,ਮੱਘਰ ਸਿੰਘ,ਨਿਸ਼ਾਨ ਸਿੰਘ ਦਾਨੇਵਾਲਾ,ਜਸਵੀਰ ਸਿੰਘ ਕੋਟ,ਸਰਬਜੋਤ ਸਿੰਘ ਲੋਹਗੜ੍ਹ,ਸਵੱਰਨਜੀਤ ਸਿੰਘ ਹਠੂਰ,ਤਲਵਿੰਦਰ ਸਿੰਘ ਗਿੱਲ,ਭਿੰਦਰ ਸਿੰਘ ਮੱਲੂ ਬਾਂਡੀਆਂ,ਅੰਮ੍ਰਿਤਪਾਲ ਜਾਨੀਆਂ,ਨਿਸ਼ਾਨ ਸਿੰਘ ਜੀਰਾ ਹਾਜਰ ਸਨ



## ਕੋਟ ਈਸੇ ਖਾਂ ਵਿਖੇ ਪਾਥਵੇਜ਼ ਹੈਰੀਟੇਜ ਫੈਸਟੀਵਲ 2024 ਦੀਆਂ ਤਿਆਰੀਆਂ ਮੁਕੰਮਲ

ਕੋਟ ਈਸੇ ਖਾਂ (ਅਰੋੜਾ)– ਪਾਥਵੇਅਜ ਗਲੋਬਲ ਸਕੂਲ ਕੋਟ ਈਸੇ ਖਾਂ ਜੋ ਇਲਾਕੇ ਦਾ ਨਾਮਵਾਰ ਆਈ ਸੀ ਐਸ ਈ ਦਿੱਲੀ ਬੋਰਡ ਤੋ ਮਾਨਤਾ ਪ੍ਰਾਪਤ ਸਕੂਲ ਹੈ ਅਤੇ ਆਪਣੇ ਬੱਚਿਆ ਨੂੰ ਵਰਲਡ ਕਲਾਸ ਦੀ ਐਜੂਕੇਸ਼ਨ ਦੇ ਰਿਹਾ ਹੈ ਅਤੇ ਪਾਥਵੇਜ ਦੇ ਬੱਚਿਆਂ ਨੂੰ ਪੰਜਾਬੀ ਵਿਰਸੇ ਨਾਲ ਜੋੜ ਰਿਹਾ ਹੈ, ਜਿਸ ਦੀ ਜਾਗਦੀ ਝਲਕ ਦਿਖਾਉਂਦਾ ਸਾਲਾਨਾ ਹੈਰੀਟੇਜ ਫੈਸਟੀਵਲ 2024 ਹੋਣ ਜਾ ਰਿਹਾ ਹੈ ਤੇ ਜਿਸ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਕੋਟ ਈਸੇ ਖਾਂ ਵਿੱਚ ਪਹਿਲੀ ਵਾਰ ਇਸ ਤਰ੍ਹਾਂ ਦਾ ਫੈਸਟੀਵਲ ਹੋਣ ਜਾ ਰਿਹਾ ਹੈ। ਇਸ ਫੈਸਟੀਵਲ ਵਿੱਚ ਪੰਜਾਬੀ ਸੱਭਿਆਚਾਰ ਦਾ ਇੱਕ ਬਹੁਤ ਹੀ ਸੁੰਦਰ ਰੂਪ ਦੇਖਣ ਨੂੰ ਮਿਲੇਗਾ। ਬੱਚਿਆਂ ਦੁਆਰਾ ਬਹੁਤ ਹੀ ਦਿਲ ਖਿੱਚਵੇ ਪ੍ਰੋਗਰਾਮ ਜਿਵੇਂ ਕਿ ਗਿੱਧਾ, ਭੰਗੜਾ, ਕੋਰੀਓਗ੍ਰਾਫੀ, ਰਾਜਸਥਾਨੀ ਡਾਂਸ ਆਦਿ ਤੋਂ ਇਲਾਵਾ ਬਹੁਤ ਸਾਰੀਆਂ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੀਆਂ ਕਲਾਕਾਰੀਆਂ ਬਹੁਤ ਹੀ ਦੇਖਣ ਯੋਗ ਰਹਿਣਗੀਆਂ। ਪੰਜਾਬੀ ਸੱਭਿਆਚਾਰ ਦੀ ਝਲਕ ਨੂੰ ਪੇਸ਼ ਕਰਦੇ ਗੱਡੇ, ਟਰੈਕਟਰ, ਚਰਖੇ ,ਪੁਰਾਤਨ ਭਾਂਡੇ ਅਤੇ ਹੋਰ ਬਹੁਤ ਸਾਰੀਆਂ ਪੁਰਾਤਨ ਚੀਜ਼ਾਂ ਇਸ ਫੈਸਟੀਵਲ ਦੀ ਸ਼ੋਭਾ ਨੂੰ ਹੋਰ ਵੀ ਵਧਾਉਣਗੇ।

ਪਾਥਵੇਅਜ ਗਲੋਬਲ ਸਕੂਲ ਦੇ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ ਪ੍ਰਧਾਨ ਡਾ ਅਨਿਲਜੀਤ ਕੰਬੋਜ ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਚਾਹਤ ਕੰਬੋਜ, ਸਤਨਾਮ ਸਿੰਘ ਸੌਂਦ, ਗੁਰਪ੍ਰੀਤ ਸਿੰਘ ਸਿੱਧੂ ਕੌਸਲਰ , ਜੋਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ, ਸਿਮਰਨਜੀਤ ਸਿੰਘ ਸਿੱਧੂ ਅਤੇ ਮਾਨਯੋਗ ਪ੍ਰਿੰਸੀਪਲ ਡਾਕਟਰ ਪੰਕਜ ਧਮੀਜਾ, ਵਾਈਸ ਪ੍ਰਿੰਸੀਪਲ ਸ਼੍ਰੀ ਜਤਿੰਦਰ ਸ਼ਰਮਾ ਜੀ ਦੇ ਨਾਲ ਪਾਥਵੇਜ ਸਕੂਲ ਦਾ ਪੂਰਾ ਸਟਾਫ ਇਸ ਫੈਸਟੀਵਲ ਨੂੰ ਚਾਰ ਚੰਦ ਲਾਉਣ ਲਈ ਦਿਨ ਰਾਤ ਅਣਥੱਕ ਮਿਹਨਤ ਕਰ ਰਹੇ ਹਨ।

# ਸੀਐਚਸੀ ਕੋਟ ਈਸੇ ਖਾਂ ਵਿਖੇ ਵਰਲਡ ਮਲੇਰੀਆ ਦਿਵਸ ਮੌਕੇ ਇਸਦੇ ਲੱਛਣ ਅਤੇ ਬਚਾਅ ਸੰਬੰਧੀ ਦਿੱਤੀ ਜਾਣਕਾਰੀ

### ਮਲੇਰੀਆ ਦੇ ਬਚਾਅ ਲਈ ਪੂਰੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ-ਸਿਹਤ ਕਰਮਚਾਰੀ



ਕੋਟ ਈਸੇ ਖਾਂ (ਅਰੋੜਾ)– ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਸਿਵਲ ਸਰਜਨ ਡਾਕਟਰ ਰਕੇਸ਼ ਕੁਮਾਰ ਅਤਰੀ ਅਤੇ ਡਾਕਟਰ ਸੰਦੀਪ ਸਿੰਘ ਸੀਨੀਅਰ ਮੈਡੀਕਲ ਅਫਸਰ ਸੀਐਚ ਸੀ ਕੋਟ ਇਸੇ ਖਾ ਦੇ ਹੁਕਮਾਂ ਸਦਕਾ 25 ਅਪ੍ਰੈਲ ਨੂੰ ਵਰਲਡ ਮਲੇਰੀਆ ਡੇ ਸੀਐਚਸੀ ਕੋਟ ਇਸੇ ਖਾਂ ਵਿਖੇ ਮਨਾਇਆ ਗਿਆ। ਇਸ ਦੋਰਾਨ ਹੈਲਥ ਇੰਸਪੈਕਟਰ ਗੁਰਮੁਖ ਸਿੰਘ ਨੇ ਵਿਸਥਾਰ ਨਾਲ ਦੱਸਿਆ ਕਿ ਕੋਈ ਵੀ ਬੁਖਾਰ ਮਲੇਰੀਆ ਹੋ ਸਕਦਾ ਹੈ ਅਤੇ ਸਾਨੂੰ ਇਸ ਦੇ ਬਚਾਅ ਲਈ ਪੂਰੇ ਬਾਂਵਾਂ ਵਾਲੇ ਕੱਪੜੇ ਅਤੇ ਆਪਣੇ ਆਲੇ ਦੁਆਲੇ ਪਾਣੀ ਬਿਲਕੁਲ ਵੀ ਖੜਾ ਹੋਣ ਨਹੀਂ ਦੇਣਾ ਚਾਹੀਦਾ।ਇਸ ਸਮੇਂ ਜਗਮੀਤ ਸਿੰਘ ਮਲਟੀਪਰਪਜ਼ ਹੈਲਥ ਵਰਕਰ ਨੇ ਦੱਸਿਆ ਕਿ ਮਲੇਰੀਏ ਦੇ ਲੱਛਣ ਜਿਵੇਂ ਕਿ ਕੰਬ ਕੇ ਬੁਖਾਰ ਚੜਨਾ ,ਸਿਰ ਦਰਦ ਹੋਣਾ, ਬੁਖਾਰ ਉਪਰੰਤ ਜਿਆਦਾ ਕਮਜ਼ੋਰੀ ਦਾ ਹੋਣਾ, ਪਸੀਨਾ ਆਉਣਾ ਆਦਿ ਇਹ ਸਭ ਮਲੇਰੀਏ ਦੇ ਲੱਛਣ ਹਨ। ਇਸ ਦੇ ਲੱਛਣ ਪਤਾ ਲੱਗਣ ਤੇ ਸਰਕਾਰੀ ਹਸਪਤਾਲ ਵਿੱਚ ਚੈੱਕ ਕਰਾਓ। ਇਸ ਦੇ ਟੈਸਟ ਬਿਲਕੁਲ ਫਰੀ ਹੁੰਦੇ ਹਨ ਅਤੇ ਇਸ ਦਾ ਇਲਾਜ ਵੀ ਬਿਲਕੁਲ ਫਰੀ ਹੁੰਦਾ ਹੈ। ਇਸ ਦੌਰਾਨ ਡਾਕਟਰ ਸਮਰਪ੍ਰੀਤ ਸੋਡੀ ਜੀ ਨੇ ਕਿਹਾ ਕਿ ਸਾਨੂੰ ਆਪਣੇ ਆਲੇ ਦੁਆਲੇ ਪਾਣੀ ਇਕੱਤਰ ਹੋਣ ਦੇਣਾ ਨਹੀਂ ਚਾਹੀਦਾ, ਅੱਗੇ ਬਰਸਾਤਾਂ ਦੇ ਮੌਸਮ ਵਿੱਚ ਪਾਣੀ ਇਕੱਠਾ ਹੋ ਕੇ ਮੱਛਰ ਦਾ ਲਾਰਵਾ ਪੈਦਾ ਹੁੰਦਾ ਹੈ ਜੋ ਕਿ ਸੱਤ ਦਿਨਾਂ ਦੇ ਅੰਦਰ ਅੰਦਰ ਮੱਛਰ ਬਣ ਕੇ ਆਪਾਂ ਨੂੰ ਕੱਟਦਾ ਹੈ ਜਿਸ ਤੇ ਬੁਖਾਰ ਹੁੰਦਾ ਹੈ।ਇਸ ਮੌਕੇ ਸਿਮਰਜੀਤ ਕੌਰ ਸਟਾਫ ਨਰਸ ,ਪਰਗਟ ਸਿੰਘ ਮਲਟੀਪਰ ਹੈਲਥ ਵਰਕਰ, ਵਿਕਰਮਜੀਤ ਸਿੰਘ ਮਲਟੀ ਪਰਪਜ ਹੈਲਥ ਵਰਕਰ ,ਡਾਕਟਰ ਸਿਮਰਨਜੀਤ ਸਿੰਘ ਆਦਿ ਸਟਾਫ ਹਾਜ਼ਰ ਸਨ।

# ਬਾਬਾ ਬਲਕਾਰ ਸਿੰਘ ਜੀ ਵੱਲੋਂ ਲੋੜਵੰਦ ਲੜਕੀ ਦਾ ਕਰਵਾਇਆ ਵਿਆਹ

**ਦੀਨਾਨਗਰ 26 ਅਪ੍ਰੈਲ (ਡਾ.ਰਮੇਸ਼ ਸਰੰਗਲ )** ਮੰਦਿਰ ਬਾਬਾ ਬਾਲਕ ਨਾਥ ਬਾਬਾ ਵੱਡਭਾਗ ਸਿੰਘ ਜੀ ਵਿਖੇ ਬਾਬਾ ਬਲਕਾਰ ਸਿੰਘ ਜੀ ਝੰਡੇਚੱਕ ਵੱਲੋਂ ਦੀਨਾਨਗਰ ਦੀ ਲੋੜਵੰਦ ਲੜਕੀ ਦਾ ਵਿਆਹ ਕਿੱਲਪੁਰ ਦੇ ਲੜਕੇ ਨਾਲ ਪੂਰੇ ਗੀਤੀ ਰਿਵਾਜਾਂ ਅਨੁਸਾਰ ਕਰਵਾਇਆ ਗਿਆ। ਬਾਬਾ ਬਲਕਾਰ ਸਿੰਘ ਜੀ ਵੱਲੋਂ ਆਪਣੀ ਸ਼ਰਧਾ ਮੁਤਾਬਿਕ ਲੜਕੀ ਨੂੰ ਘਰ ਚ ਵਰਤਣ ਲਈ ਘਰੇਲੂ ਸਮਾਨ ਵੀ ਭੇਂਟ ਕੀਤਾ ਅਤੇ ਨਵੀਂ ਜੋੜੀ ਨੂੰ ਅਸ਼ੀਰਵਾਦ ਵੀ ਦਿੱਤਾ। ਬਾਬਾ ਜੀ ਵੱਲੋਂ ਆਏ ਹੋਏ ਸਾਰੇ ਸ਼ਾਕ ਸਬੰਧੀਆਂ ਲਈ ਖਾਣ ਪੀਣ ਲਈ ਲੰਗਰ ਦਾ ਪ੍ਰਬੰਧ ਬਹੁਤ ਹੀ ਵਧੀਆ ਤਰੀਕੇ ਨਾਲ ਕੀਤਾ ਗਿਆ। ਇੱਥੇ ਜਿਕਰਯੋਗ ਹੈ ਕਿ ਬਾਬਾ ਬਲਕਾਰ ਸਿੰਘ ਜੀ ਝੰਡੇਚੱਕ ਵਾਲੇ ਪਹਿਲਾਂ ਵੀ ਕਈ ਅਜਿਹੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਆਪਣੇ ਵੱਲੋਂ ਕਰਵਾ ਚੁੱਕੇ ਹਨ। ਇਸ ਮੌਕੇ ਤੇ ਬਾਬਾ ਜੀ ਨੇ ਨਵੇਂ ਵਿਆਹੇ ਜੋੜੇ ਨੂੰ ਆਸ਼ੀਰਵਾਦ ਦਿੱਤਾ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਕਾਮਨਾ ਵੀ ਕੀਤੀ।






publisher/chief Editor
**Aman Mehra**
lok bani (news Paper)
lokbani08@gmail.com
www.lokbani.com
mob:99155-94111

**Head Office:**
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

# ਰਾਵਲਪਿੰਡੀ ਪੁਲਿਸ ਵੱਲੋਂ 9 ਗ੍ਰਾਮ ਹੈਰੋਇਨ ਸਮੇਤ ਇੱਕ ਔਰਤ ਕਾਬੂ




ਫਗਵਾੜਾ -ਸ਼੍ਰੀਮਤੀ ਵਤਸਲਾ ਗੁਪਤਾ ਐਸ ਐਸ ਪੀ ਸਾਹਿਬ ਕਪੂਰਥਲਾ ਦੇ ਦਿਸ਼ਾ ਨਿਰਦੇਸਾਂ ਅਤੇ ਸ੍ਰੀਮਤੀ ਰੁਪਿੰਦਰ ਕੋਰ ਭੱਟੀ ਐਸ.ਪੀ ਫਗਵਾੜਾ ਜਸਪ੍ਰੀਤ ਸਿੰਘ ਉਪ ਪੁਲਿਸ ਕਪਤਾਨ ਫਗਵਾੜਾ ਦੀ ਰਹਿਨੁਮਾਈ ਹੇਠ ਭੈੜੇ ਪੁਰਸ਼ਾ ਦੇ ਖਿਲਾਫ ਚਲਾਈ ਮੁਹਿੰਮ ਦੋਰਾਨ ਐਸ ਆਈ: ਲਾਭ ਸਿੰਘ ਮੁੱਖ ਅਫਸਰ ਥਾਣਾ ਰਾਵਲਪਿੰਡੀ ਫਗਵਾੜਾ ਜੀ ਦੀਆ ਹਦਾਇਤਾਂ ਪਰ ਮਿਤੀ 25.04.2024 ਨੂੰ ਐਸ.ਆਈ. ਗੁਰਸ਼ਰਨ ਸਿੰਘ 153/ਜਲੰਧਰ ਸਮੇਤ ਸਾਥੀ ਕਰਮਚਾਰੀਆ ਦੇ ਗਸਤ ਬਾ ਤਲਾਸ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਬਾ ਸਵਾਰੀ ਸਰਕਾਰੀ ਗੱਡੀ ਬੱਸ ਸਟੈਂਡ ਭੁਰੇ ਸ਼ਾਹ ਮੋੜ ਪਾਸ਼ਟਾ ਮੋਜੂਦ ਸੀ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਪਿੰਡ ਪਾਸ਼ਟਾ ਤੋ ਸੰਨਿਆਸੀ ਮੰਦਿਰ ਰਸਤੇ ਵਿਚ ਇਕ ਔਰਤ ਹੈਰੋਇਨ ਵੇਚਦੀ ਹੈ ਜਿਸਤੇ ਐਸ.ਆਈ. ਗੁਰਸ਼ਰਨ ਸਿੰਘ 153/ਜਲੰਧਰ ਸਮੇਤ ਸਾਥੀ ਕਰਮਚਾਰੀਆ ਦੇ ਸੰਨਿਆਸੀ ਮੰਦਿਰ ਪਾਸ ਪੁੱਜੇ ਤਾ ਇਕ ਔਰਤ ਪੁਲਿਸ ਦੀ ਗੱਡੀ ਦੇਖ ਕਿ ਪਿੰਡ ਬਘਾਣਾ ਕੱਚੇ ਰਾਸਤੇ ਭੱਜ ਪਈ। ਜਿਸਨੂੰ ਐਸ.ਆਈ. ਗੁਰਸ਼ਰਨ ਸਿੰਘ 153/ਜਲੰਧਰ ਨੇ ਸਮੇਤ ਸਾਥੀ ਕਰਮਚਾਰੀਆ ਦੇ ਉਸਦਾ ਪਿੱਛਾ ਕੀਤਾ ਤਾ ਔਰਤ ਨੇ ਇਕ ਮੋਮੀ ਲਿਫਾਫਾ ਝਾੜੀਆ ਵਿਚ ਸੁੱਟ ਦਿੱਤਾ ਤੇ ਲੇਡੀ ਸਿਪਾਹੀ ਹਰਜੋਤ ਕੋਰ 1235/ਕਪੂ ਦੀ ਮਦਦ ਨਾਲ ਔਰਤ ਨੂੰ ਕਾਬੂ ਕੀਤਾ ਗਿਆ ਜਿਸਦਾ ਨਾਮ ਪਤਾ ਪੁਛੱਣ ਤੇ ਆਪਣਾ ਨਾਮ ਜਸਵੀਰ ਕੋਰ ਪਤਨੀ ਮੱਖਣ ਵਾਸੀ ਭੁੰਗਰਨੀ ਥਾਣਾ ਮੇਹਟੀਆਣਾ ਜਿਲਾ ਹੁਸ਼ਿਆਰਪੁਰ ਦੱਸਿਆ ਤੇ ਉਸ ਪਾਸੋ ਸੁੱਟੇ ਹੋਏ ਮੋਮੀ ਲਿਫਾਫੇ ਦੀ ਤਲਾਸ਼ੀ ਜਾਬਤਾ ਅਨੁਸਾਰ ਕੀਤੀ ਗਈ ਜਿਸ ਵਿਚੋ 9 ਗਰਾਮ ਹੈਰੋਇਨ ਬਰਾਮਦ ਹੋਈ ਜਿਸਨੂੰ ਹਸਬ ਜਾਬਤਾ ਅਨੁਸਾਰ ਗ੍ਰਿਫਤਾਰ ਕਰਕੇ ਮੁੱਕਦਮਾ ਨੰਬਰ 23 ਮਿਤੀ 25.4.2024 ਅ/ਧ 21(2)-61-85 NDPS 13“ ਥਾਣਾ ਰਾਵਲਪਿੰਡੀ ਫਗਵਾੜਾ ਜਿਲਾ ਕਪੂਰਥਲਾ ਦਰਜ ਰਜਿਸਟਰ ਕਰਕੇ ਮੁੱਕਦਮਾ ਹਜਾ ਦੀ ਮੁੱਢਲੀ ਤਫਤੀਸ ਅਮਲ ਵਿੱਚ ਲਿਆਦੀ। ਦੋਸ਼ਣ ਨੂੰ ਮਾਨਯੋਗ ਅਦਾਲਤ ਵਿੱਚ ਪੇਸ ਕੀਤਾ ਗਿਆ




# ਗਰਮੀ ਤੋਂ ਬਚਾਅ ਲਈ ਸਕੂਲੀ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ

ਸ੍ਰੀ ਅਨੰਦਪੁਰ ਸਾਹਿਬ, 26 ਅਪ੍ਰੈਲ(ਦਵਿੰਦਰਪਾਲ ਸਿੰਘ): ਇਲਾਕੇ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦੇ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ ਨੇ ਸਵੇਰ ਦੀ ਸਭਾ ਦੇ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੂੰ ਗਰਮੀ ਤੋਂ ਬਚਣ ਦੇ ਲਈ ਵੱਖ-ਵੱਖ ਤਰ੍ਹਾਂ ਦੇ ਟਿਪਸ ਤੇ ਜਾਣਕਾਰੀ ਦਿੱਤੀ। ਉਹਨਾਂ ਵਿਦਿਆਰਥੀਆਂ ਨੂੰ ਸਮਝਾਇਆ ਕਿ ਦੁਪਹਿਰ ਦੇ ਸਮੇਂ ਅਤੇ ਜਿਆਦਾ ਗਰਮੀ ਦੇ ਸਮੇਂ ਸਾਨੂੰ ਲੂਹ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਆਪਣਾ ਸਿਰ ਢੱਕ ਕੇ ਰੱਖਣਾ ਚਾਹੀਦਾ ਹੈ ਤੇ ਨੰਗੇ ਪੈਰ ਘਰ ਤੋਂ ਬਾਹਰ ਨਹੀਂ ਨਿਕਲਣਾ ਚਾਹੀਦਾ, ਵੱਧ ਤੋਂ ਵੱਧ ਪਾਣੀ, ਨਿੰਬੂ ਪਾਣੀ ਤੇ ਲੱਸੀ ਦਾ ਪ੍ਰਯੋਗ ਕਰਨਾ ਚਾਹੀਦਾ ਹੈ , ਹੱਥਾਂ ਦੀ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਅਤੇ ਧੁੱਪ ਵਿੱਚ ਖੇਡਣਾ ਤੇ ਘੁੰਮਣਾ ਨਹੀਂ ਚਾਹੀਦਾ। ਇਸ ਦੇ ਨਾਲ ਹੀ ਉਹਨਾਂ ਨੇ ਹੋਰ ਵੀ ਕਈ ਤਰ੍ਹਾਂ ਦੀ ਜਾਣਕਾਰੀ ਵਿਦਿਆਰਥੀਆਂ ਨਾਲ਼ ਸਾਂਝੀ ਕੀਤੀ।

# ਸਿਵਲ ਹਸਪਤਾਲ ਫਗਵਾੜਾ ਦੇ ਟੀਕਾਕਰਨ ਵਿਭਾਗ ਵਲੋਂ ਆਂਗਨਵਾੜੀ ਸੈਂਟਰ ਨੰਬਰ 1 ਵਿਖੇ ਲਗਾਇਆ ਗਿਆ ਟੀਕਾਕਰਨ ਕੈਂਪ

## ਕੋਈ ਵੀ ਬੱਚਾ ਸੰਪੂਰਨ ਟੀਕਾਕਰਨ ਤੋਂ ਵਾਂਝੇ ਨਹੀਂ ਰਹਿਣਾ ਚਾਹੀਦੈ : ਡਾ. ਰਾਜੇਸ਼ ਚੰਦਰ

ਫਗਵਾੜਾ -ਸਿਵਲ ਸਰਜਨ ਕਪੂਰਥਲਾ ਡਾ ਲਹਿੰਬਰ ਰਾਮ ਦੇ ਹੁਕਮਾਂ ਅਤੇ ਡਾ ਰਣਦੀਪ ਸਿੰਘ ਸਹੋਤਾ ਜ਼ਿਲ੍ਹਾ ਟੀਕਾਕਰਨ ਅਫ਼ਸਰ ਕਪੂਰਥਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਡਾ ਰਾਜੇਸ਼ ਚੰਦਰ ਦੀ ਯੋਗ ਅਗਵਾਈ ਅਤੇ ਡਾ ਨਰੇਸ਼ ਕੁੰਦਰਾ ਨੋਡਲ ਅਫ਼ਸਰ ( ਟੀਕਾਕਰਨ ਪ੍ਰੋਗਰਾਮ) ਦੀ ਸੁਚੱਜੀ ਦੇਖਰੇਖ ਹੇਠ ਸਬ ਡਵੀਜ਼ਨ ਫਗਵਾੜਾ ਵਿਖੇ ਯੂਨੀਵਰਸਲ ਟੀਕਾਕਰਨ ਪ੍ਰੋਗਰਾਮ (ਈ ਪੀ ਆਈ) ਦੀ 50ਵੀਂ ਵਰ੍ਹੇਗੰਢ ਨੂੰ ਸਮਰਪਿਤ ਵਿਸ਼ਵ - ਟੀਕਾਕਰਨ ਸਪਤਾਹ ਦੀ ਸ਼ੁਰੂਆਤ ਦੇ ਚੱਲਦਿਆਂ ਸਿਵਲ ਹਸਪਤਾਲ ਫਗਵਾੜਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ ਰਾਜੇਸ਼ ਚੰਦਰ ਨੇ ਹਰ ਲਾਭਪਾਤਰੀ ਦੇ ਸੰਪੂਰਨ ਟੀਕਾਕਰਨ ਦੀ ਹਦਾਇਤ ਕੀਤੀ ਉਨ੍ਹਾਂ ਕਿਹਾ ਕਿ ਉਮਰ ਦੇ ਹਿਸਾਬ ਨਾਲ ਜਿਨ੍ਹਾਂ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਕਰਨ - ਅਧੂਰਾ ਹੈ, ਉਨ੍ਹਾਂ ਦਾ ਸੰਪੂਰਨ ਟੀਕਾਕਰਨ ਕਰਨਾ ਯਕੀਨੀ ਬਣਾਇਆ ਜਾਵੇ ਉਨ੍ਹਾਂ ਕਿਹਾ ਕਿ ਕੋਈ ਵੀ ਲਾਭਪਾਤਰੀ ਸੰਪੂਰਨ ਟੀਕਾਕਰਨ ਤੋਂ ਵਾਂਝਾ ਨਹੀਂ




ਰਹਿਣਾ ਚਾਹੀਦਾ ਹੈ ਇਸ ਮੌਕੇ ਡਾ ਨਰੇਸ਼ ਕੁੰਦਰਾ ਨੋਡਲ ਅਫ਼ਸਰ ( ਟੀਕਾਕਰਨ ਪ੍ਰੋਗਰਾਮ ) ਨੇ ਦੱਸਿਆ ਕਿ ਜੋ ਲੋਕ ਕਿਸੇ ਕਾਰਣ ਵੰਸ਼ ਅਪਣੇ ਬੱਚਿਆਂ ਦੇ ਸੰਪੂਰਨ ਟੀਕਾਕਰਨ ਕਰਵਾਉਣ ਤੋਂ ਵਾਂਝੇ ਰਹਿ ਗਏ ਹਨ ਉਨ੍ਹਾਂ ਨੂੰ ਸਿਹਤ ਵਿਭਾਗ ਦੀਆ ਟੀਮਾਂ ਲੱਭ ਲੱਭ ਕੇ ਆਉਟਰੀਚ ਕੈਂਪ ਲਗਾ ਬੱਚਿਆਂ ਦਾ ਟੀਕਾਕਰਨ ਕਰ ਰਹੀਆ ਹਨ

ਉਨ੍ਹਾਂ ਕਿਹਾ ਕਿ ਜਨਤਕ ਸਿਹਤ ਲਈ ਟੀਕਾਕਰਨ ਪ੍ਰੋਗਰਾਮ ਇੱਕ ਮਜ਼ਬੂਤ ਬੁਨਿਆਦ ਦੇ ਰੂਪ ਵਿੱਚ ਉੱਭਰਿਆ ਹੈ ਜੋ ਕਿ - ਮਾਰੂ ਬਿਮਾਰੀਆਂ ਨੂੰ ਫੈਲਣ ਤੋਂ ਰੋਕਦਾ ਹੈ।ਉਨ੍ਹਾਂ ਲੋਕਾਂ ਨੂੰ ਅਪੀਲ - ਕੀਤੀ ਕਿ ਜੇਕਰ ਉਨ੍ਹਾਂ ਦੇ ਬੱਚਿਆਂ ਜਾਂ ਗਰਭਵਤੀ ਔਰਤਾਂ ਦਾ ਕੋਈ ਵੀ ਟੀਕਾ ਲੱਗਣ ਤੋਂ ਰਹਿ ਗਿਆ ਹੈ, ਤਾਂ ਵਿਸ਼ਵ ਟੀਕਾਕਰਨ ਸਪਤਾਹ ਦੌਰਾਨ ਨੇੜੇ ਦੀ ਸਿਹਤ ਸੰਸਥਾ ਵਿਖੇ ਜਾ ਕੇ ਟੀਕਾਕਰਨ ਜ਼ਰੂਰ ਕਰਵਾਉਣ ਇਸੇ ਲੜ੍ਹੀ ਤਹਿਤ ਅੱਜ ਇਲਾਕਾ ਭਗਤਪੁਰਾ/ ਪ੍ਰੀਤਨਗਰ ਆਂਗਨਵਾੜੀ ਸੈਂਟਰ ਨੰਬਰ 1 ਵਿਖੇ ਸਿਵਲ ਹਸਪਤਾਲ ਫਗਵਾੜਾ ਦੇ ਵੈਕਸੀਨੈਸ਼ਨ ਵਿਭਾਗ ਤੋਂ ਏ ਐਨ ਐਮ ਮੈਡਮ ਮੋਨੀਕਾ ਵਲੋਂ ਅਪਣੀ ਟੀਮ ਆਸ਼ਾ ਸ਼ਰਮਾ , ਮੈਡਮ ਰਾਜਵੰਤ ਕੌਰ , ਵਲੋਂ ਬੀ ਸੀ ਜੀ , ਡੀ ਪੀ ਟੀ, ਪੋਲੀਓ , ਪੈਨਟਾ, ਟੈਟਨਸ , ਡੀ ਪੀ ਟੀ ਬੂਸਟਰ , ਰੋਟਾ ਵਾਇਰਸ , ਪੀ ਐਲ ਬੀ/ ਆਈ ਪੀ ਬੀ ਆਦਿ ਵੈਕਸੀਨ

ਬੱਚਿਆਂ ਦੇ ਲਗਾਉਣ ਤੋਂ ਇਲਾਵਾ ਗਰਭਵਤੀ ਔਰਤਾਂ ਦਾ ਟੀਕਾਕਰਨ ਵੀ ਕੀਤਾ ਗਿਆ ਇਸ ਮੋਕੇ ਆਂਗਨਵਾੜੀ ਸੈਂਟਰ ਨੰਬਰ 1 ਇੰਚਾਰਜ ਮੈਡਮ ਆਰਤੀ ਸ਼ਰਮਾ, ਬਲਵੀਰ ਕੌਰ , ਹੈਲਪਰ ਰਮਾ ਰਾਣੀ , ਸੁਨੀਤਾ ਰਾਣੀ ਆਦਿ ਮੌਜੂਦ ਸਨ

Website : www.lokbani.com
lokbani08@gmail.com

# ਕਾਰਪੋਰੇਟ ਪੱਖੀ ਸਰਕਾਰਾਂ ਵੱਲੋਂ ਆਪਣੇ ਕੀਤੇ ਗਏ ਵਾਅਦਿਆਂ ਨੂੰ ਪੂਰੇ ਕਰਨ ਦੀ ਬਜਾਏ ਸਰਕਾਰ ਵੱਲੋਂ ਕੀਤੇ ਵਾਅਦਿਆਂ ਨੂੰ ਯਾਦ ਕਰਾਉਂਦੇ ਕਿਸਾਨਾਂ ਨੂੰ ਕੀਤਾ ਜਾ ਰਿਹਾ ਹੈ ਗ੍ਰਿਫਤਾਰ : ਜਗਜੀਤ ਸਿੰਘ ਡੱਲੇਵਾਲ



ਜੈਤੋ, -:ਸੰਯੁਕਤ ਕਿਸਾਨ ਮੋਰਚਾ ਗ਼ੈਰ ਰਾਜਨੀਤਕ ਭਾਰਤ ਦੇ ਸੀਨੀਅਰ ਆਗੂ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਸੂਬਾ ਪ੍ਰਧਾਨ ਸਰਦਾਰ ਜਗਜੀਤ ਸਿੰਘ ਡੱਲੇਵਾਲ ਨੇ ਇਕ ਬਿਆਨ ਵਿਚ ਕਿਹਾ ਕਿ ਭਾਜਪਾ ਦੀ ਸਰਕਾਰ ਵੱਲੋਂ 2014 ਵਿੱਚ ਸੱਤਾ ਹਾਸਲ ਕਰਨ ਲਈ ਸੁਆਮੀ ਨਾਥਨ ਕਮਿਸ਼ਨ ਰਿਪੋਰਟ ਲਾਗੂ ਕਰਨ ਦਾ ਕਿਸਾਨਾਂ ਨਾਲ ਵਾਅਦਾ ਕੀਤਾ ਗਿਆ ਸੀ ਅਤੇ ਦਿੱਲੀ ਦੇ ਬਾਰਡਰਾਂ ਉੱਪਰ 13 ਮਹੀਨੇ 13 ਦਿਨ ਚੱਲੇ ਕਿਸਾਨੀ ਅੰਦੋਲਨ ਸਮੇਂ ਮੋਰਚਾ ਫਤਿਹ ਹੋਣ ਉਪਰੰਤ ਲਿਖਤ ਵਿੱਚ ਕਿਸਾਨਾਂ ਦੀਆਂ ਮੰਗਾਂ ਨੂੰ ਮੰਨਣ ਦਾ ਲਿਖਤੀ ਵਾਅਦਾ ਕੀਤਾ ਗਿਆ ਸੀ ਪ੍ਰੰਤੂ ਐਨਾਂ ਸਮਾਂ ਬੀਤ ਜਾਣ ਉਪਰੰਤ ਵੀ ਸਰਕਾਰ ਵੱਲੋਂ ਉਹ ਵਾਅਦੇ ਪੂਰੇ ਕਰਦੇ ਹੋਏ ਨੋਟੀਫਿਕੇਸ਼ਨ ਜਾਰੀ ਨਹੀਂ ਕੀਤੇ ਗਏ! ਜਿਸ ਉਪਰੰਤ ਸਰਕਾਰ ਨੂੰ ਉਸਦੇ ਕੀਤੇ ਹੋਏ ਵਾਅਦਿਆਂ ਨੂੰ ਯਾਦ ਕਰਵਾਉਣ ਲਈ ਅਤੇ ਕਿਸਾਨੀ ਮੰਗਾਂ ਨੂੰ ਪੂਰੀਆਂ ਕਰਵਾਉਣ ਲਈ 13 ਫਰਵਰੀ 2024 ਤੋਂ ਦਿੱਲੀ ਕੂਚ ਦੇ ਪ੍ਰੋਗਰਾਮ ਤਹਿਤ ਬਾਰਡਰਾਂ ਉੱਪਰ ਮੋਰਚੇ ਚੱਲ ਰਹੇ ਹਨ ਪ੍ਰੰਤੂ ਸਰਕਾਰ ਵੱਲੋਂ ਆਪਣੇ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਦੀ ਬਜਾਏ ਕਿਸਾਨਾਂ ਉੱਪਰ ਕੈਮੀਕਲ ਵਾਲੇ ਹਥਿਆਰ ਵਰਤ ਕੇ ਕੀਤੇ ਗਏ ਜ਼ੁਲਮ ਅਤੇ ਸਿੱਧੀਆਂ ਗੋਲੀਆਂ ਮਾਰ ਕੇ ਸਰਕਾਰ ਵੱਲੋਂ ਕਤਲ ਕੀਤੇ ਗਏ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੇ ਕਤਲ ਬਾਰੇ ਅਤੇ ਸਰਕਾਰ ਵੱਲੋਂ ਕੀਤੇ ਗਏ ਵਾਅਦਿਆਂ ਨੂੰ ਯਾਦ ਕਰਵਾਉਂਦੇ ਹੋਏ ਭਾਜਪਾ ਦੇ ਉਮੀਦਵਾਰਾਂ ਕੋਲੋਂ ਕਿਸਾਨਾਂ ਵੱਲੋਂ ਸ਼ਾਂਤਮਈ ਰਹਿ ਕੇ ਸਵਾਲ ਪੁੱਛੇ ਜਾ ਰਹੇ ਹਨ ਪ੍ਰੰਤੂ ਉਹਨਾਂ ਸਵਾਲਾਂ ਤੋਂ ਭਾਜਪਾ ਦੇ ਉਮੀਦਵਾਰ ਭੱਜ ਰਹੇ ਹਨ ਕਿਉਂਕਿ ਉਹਨਾਂ ਦੀ ਸਰਕਾਰ ਵੱਲੋਂ ਇਹ ਸਾਰੇ ਵਾਅਦੇ ਲਿਖਤ ਵਿੱਚ ਕੀਤੇ ਗਏ ਸਨ ਅਤੇ ਹੁਣ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਨਾ ਦੇ ਸਕਣ ਕਾਰਨ ਸਰਕਾਰ ਵੱਲੋਂ ਕਿਸਾਨਾਂ ਉੱਪਰ ਜ਼ੁਲਮ ਕਰਦੇ ਹੋਏ ਕਿਸਾਨਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਤਾਂ ਜੋ ਕਿਸਾਨ ਆਪਣੀਆਂ ਹੱਕੀ ਮੰਗਾਂ ਦੀ ਆਵਾਜ਼ ਨੂੰ ਬੁਲੰਦ ਕਰਦੇ ਹੋਏ ਭਾਜਪਾ ਅਤੇ ਹੋਰ ਪਾਰਟੀਆਂ ਦੇ ਉਮੀਦਵਾਰ ਜਿਨਾਂ ਵੱਲੋਂ ਵੱਖ-ਵੱਖ ਸਮੇਂ 'ਤੇ ਕਿਸਾਨਾਂ ਨਾਲ ਵਾਅਦੇ ਕੀਤੇ ਗਏ ਸਨ, ਉਹਨਾਂ ਬਾਰੇ ਸਵਾਲ ਜਵਾਬ ਨਾ ਕਰ ਸਕਣ। ਜਗਜੀਤ ਸਿੰਘ ਡੱਲੇਵਾਲ ਨੇ ਅੱਗੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਗ਼ੈਰ ਰਾਜਨੀਤਕ ਭਾਰਤ ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਸਾਰੇ ਦੇਸ਼ ਵਿੱਚ ਕਿਸਾਨਾਂ ਨੂੰ ਭਾਜਪਾ ਦੇ ਉਮੀਦਵਾਰਾਂ ਕੋਲੋਂ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਗਏ ਵਾਅਦਿਆਂ ਅਤੇ ਕਿਸਾਨਾਂ ਉੱਪਰ ਕੀਤੇ ਗਏ ਜ਼ੁਲਮਾਂ ਬਾਰੇ ਸਵਾਲ ਪੁੱਛਣ ਲਈ ਆਖਿਆ ਗਿਆ ਸੀ। ਜਿਸ ਦੇ ਤਹਿਤ ਹੀ ਫ਼ਰੀਦਕੋਟ ਵਿਖੇ ਕਿਸਾਨਾਂ ਵੱਲੋਂ ਸ਼ਾਂਤਮਈ ਰਹਿ ਕੇ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਤੋਂ ਸਵਾਲ ਪੁੱਛੇ ਜਾਣੇ ਸਨ ਪ੍ਰੰਤੂ ਪੁਲਿਸ ਵੱਲੋਂ ਲੋਕਤੰਤਰ ਦਾ ਘਾਣ ਕਰਦੇ ਹੋਏ ਕੁਲਦੀਪ ਕੌਰ, ਗੁਰਮੀਤ ਕੌਰ, ਚਰਨਜੀਤ ਕੌਰ,ਅਮਨਦੀਪ ਕੌਰ, ਲਵਪ੍ਰੀਤ ਕੌਰ, ਰਜਨਦੀਪ ਕੌਰ, ਨਿੰਦਰ ਕੌਰ, ਰਾਜ ਕੌਰ, ਅਮਨਦੀਪ ਕੌਰ, ਰਮਨਦੀਪ ਕੌਰ, ਪਾਲ ਸਿੰਘ ਪ੍ਰਧਾਨ, ਨਿਸ਼ਾਨ ਸਿੰਘ ਵਿਰਕ, ਜਸਵੀਰ ਸਿੰਘ ਮਾਨ, ਨਛੱਤਰ ਸਿੰਘ ਵਿਰਕ, ਗੁਰਸਿਮਰਨ ਸਿੰਘ, ਗੁਰਵਿੰਦਰ ਸਿੰਘ, ਸੁਖਦੇਵ ਸਿੰਘ ਭੱਲਾ, ਸੁਖਦੇਵ ਸਿੰਘ ਚੌਹਾਨ, ਹਰਜਿੰਦਰ ਸਿੰਘ, ਪ੍ਰਗਟ ਸਿੰਘ, ਜੱਜਪਾਲ ਸਿੰਘ, ਬੂਟਾ ਸਿੰਘ, ਕੁਲਦੀਪ ਸਿੰਘ, ਗੁਰਵੀਰ ਸਿੰਘ ਵਿਰਕ, ਗੁਰਪ੍ਰੀਤ ਸਿੰਘ ਵਿਰਕ, ਗੁਰਚਰਨ ਸਿੰਘ ਸੋਨੀ, ਮਲੂਕ ਸਿੰਘ, ਬਲਦੇਵ ਸਿੰਘ, ਭੁਪਿੰਦਰ ਸਿੰਘ, ਗੁਰਪ੍ਰੀਤ ਸਿੰਘ, ਨਵਨੀਤ ਸਿੰਘ, ਅਰਸ਼ਦੀਪ ਸਿੰਘ, ਅਕਾਸ਼ਦੀਪ ਸਿੰਘ, ਸੁਖਦੇਵ ਸਿੰਘ ਪੁੱਤਰ ਸੁੱਚਾ ਸਿੰਘ ਅਤੇ ਬਲਰਾਜ ਸਿੰਘ ਸੰਧੂ ਸਮੇਤ ਨਾਬਾਲਗ ਬੱਚਿਆਂ,ਔਰਤਾਂ ਕਿਸਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਜਿਨਾ ਦੀ ਰਿਹਾਈ ਉਪਰੰਤ ਉਹਨਾਂ ਸਾਰੇ ਹੀ ਸੰਘਰਸ਼ੀ ਕਿਸਾਨਾਂ, ਨੌਜਵਾਨਾਂ, ਮਾਤਾਵਾਂ ਭੈਣਾਂ ਨੂੰ ਮੋਰਚੇ ਵੱਲੋਂ ਸਨਮਾਨਿਤ ਕੀਤਾ ਗਿਆ ਹੈ। ਜਿੰਨਾ ਨੇ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕਰਦੇ ਹੋਏ ਆਪਣੀਆਂ ਗ੍ਰਿਫਤਾਰੀਆਂ ਦਿੱਤੀਆਂ ਸਨ। ਇਸ ਮੌਕੇ ਉਹਨਾਂ ਨਾਲ ਬੋਹੜ ਸਿੰਘ ਰੁਪੱਈਆਂ ਵਾਲਾ ਜ਼ਿਲ੍ਹਾ ਪ੍ਰਧਾਨ ਫ਼ਰੀਦਕੋਟ, ਇੰਦਰਜੀਤ ਸਿੰਘ ਘਣੀਆਂ ਜ਼ਿਲ੍ਹਾ ਜਨਰਲ ਸਕੱਤਰ, ਸੁਖਚਰਨ ਸਿੰਘ ਨੱਥਲ ਵਾਲਾ ਬਲਾਕ ਪ੍ਰਧਾਨ ਗੋਲੇਵਾਲਾ, ਬਲਜਿੰਦਰ ਸਿੰਘ ਵਾੜਾ ਭਾਈਕਾ ਬਲਾਕ ਪ੍ਰਧਾਨ ਬਾਜਾਖਾਨਾ, ਗੁਰਪ੍ਰੀਤ ਸਿੰਘ ਸਿੱਧੂ ਬਲਾਕ ਪ੍ਰੈੱਸ ਸਕੱਤਰ ਬਾਜਾਖਾਨਾ ਆਦਿ ਕਿਸਾਨ ਆਗੂ ਹਾਜ਼ਰ ਸਨ।

# ਮਜ਼ਦੂਰ ਦਿਹਾੜਾ ਥਾਣੇ ਮੂਹਰੇ ਮਨਾਵਾਂਗੇ-ਸੰਘਰਸ਼ ਕਮੇਟੀ



ਜਗਰਾਓਂ -ਸਥਾਨਕ ਥਾਣੇ ਮੂਹਰੇ ਪੁਲਿਸ ਅੱਤਿਆਚਾਰਾਂ ਵਿਰੁੱਧ ਚੱਲ ਰਹੇ ਅਣਮਿੱਥੇ ਸਮੇਂ ਦੇ ਮੋਰਚੇ ਵਿੱਚ ਧਰਨਾਕਾਰੀ ਜੱਥੇਬੰਦੀਆਂ ਦੀ ਹੋਈ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਪਹਿਲੀ ਮਈ ਦਾ ਕੌਮਾਂਤਰੀ ਮਜ਼ਦੂਰ ਦਿਹਾੜਾ ਥਾਣੇ ਮੂਹਰੇ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਮੀਟਿੰਗ ਉਪਰੰਤ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ, ਪ੍ਰਧਾਨ ਬਲਵਿੰਦਰ ਸਿੰਘ ਕੋਠੇ ਪੋਨਾ, ਪ੍ਰਧਾਨ ਗੁਰਚਰਨ ਸਿੰਘ ਰਸੂਲਪੁਰ, ਮਿਸਤਰੀ ਮਜ਼ਦੂਰ ਯੂਨੀਅਨ (ਸੀਟੂ) ਦੇ ਤਹਿਸੀਲ ਪ੍ਰਧਾਨ ਨਿਰਮਲ ਸਿੰਘ ਧਾਲੀਵਾਲ, ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ) ਦੇ ਆਗੂ ਬਲਦੇਵ ਸਿੰਘ ਜਗਰਾਓਂ, ਸਤਿਕਾਰ ਕਮੇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਢੋਲਣ, ਨੇ ਕਿਹਾ ਕਿ ਤੱਤਕਾਲੀਨ ਕਥਿਤ ਥਾਣੇਦਾਰ ਵਲੋਂ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਤੇ ਕੀਤੇ ਅੱਤਿਆਚਾਰਾਂ ਸਬੰਧੀ 2 ਸਾਲਾਂ ਤੋਂ ਅਣਮਿੱਥੇ ਸਮੇਂ ਦਾ ਪੱਕਾ ਮੋਰਚਾ ਲਗਾ ਕੇ ਨਿਆਂ ਮੰਗ ਰਹੇ ਹਾਂ ਪਰ ਅਧਿਕਾਰੀਆਂ ਅਤੇ ਸਰਕਾਰ ਦੇ ਕੰਨ ਤੇ ਜੂੰ ਨਹੀਂ ਸਰਕ ਰਹੀ ਜਦਕਿ ਧਰਨੇ ਵਿੱਚ ਹੁਣ ਤੱਕ ਪੰਜ ਧਰਨਾਕਾਰੀਆਂ ਦੀ ਜਾਨ ਵੀ ਜਾ ਚੁੱਕੀ ਹੈ। ਇਸ ਸਮੇਂ ਲਾਲ ਝੰਡਾ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਕਾਮਰੇਡ ਪਰਮਜੀਤ ਸਿੰਘ ਭੰਮੀਪੁਰਾ, ਮਿਸਤਰੀ ਮਜ਼ਦੂਰ ਯੂਨੀਅਨ ਸਬੰਧਤ ਸੀਟੂ ਅਤੇ ਮੋਰਚੇ ਦੇ ਪ੍ਰਬੰਧਕੀ ਸਕੱਤਰ ਨਿਰਮਲ ਸਿੰਘ ਧਾਲੀਵਾਲ, ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਕਾਮਰੇਡ ਭਰਪੂਰ ਸਿੰਘ ਛੱਜਾਵਾਲ ਨੇ ਕਿਹਾ ਕਿ ਜ਼ਾਲਮ ਥਾਣੇਦਾਰ ਨੂੰ ਸਿਆਸੀ ਸ਼ਹਿ 'ਤੇ ਮਜ਼ਦੂਰ ਪਰਿਵਾਰਾਂ ਨੂੰ ਅਣਮਨੁੱਖੀ ਤਸੀਹੇ ਦਿੱਤੇ ਸਨ ਪਰ ਦਸਤਾਵੇਜ਼ੀ ਸਬੂਤਾਂ ਦੇ ਬਾਵਜੂਦ ਅਧਿਕਾਰੀ ਅੱਤਿਆਚਾਰੀਆਂ ਖਿਲਾਫ ਕਾਰਵਾਈ ਕਰਨ ਨੂੰ ਤਿਆਰ ਨਹੀਂ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀ ਅਤੇ ਪੰਜਾਬ ਸਰਕਾਰ ਦੇ ਬੋਲ਼ੇ ਕੰਨਾਂ ਤੱਕ ਅਵਾਜ਼ ਪਹੁੰਚਾਣ ਲਈ ਮਈ ਦਿਵਸ ਪੂਰੇ ਜੋਸ਼ੋ ਖਰੋਸ਼ ਨਾਲ ਥਾਣੇ ਮੂਹਰੇ ਮਨਾਇਆ ਜਾਵੇਗਾ।




## ਦਾਨਾ ਮੰਡੀ ਮਲੋਟ ਦੇ ਮਜਦੂਰਾਂ ਵੱਲੋਂ ਆਮ ਆਦਮੀ ਪਾਰਟੀ ਦਾ ਦੂਜੇ ਦਿਨ ਵੀ ਕੀਤਾ ਬਾਈਕਾਟ

ਮਲੋਟ ਆਮ ਆਦਮੀ ਪਾਰਟੀ ਦੇ ਖਿਲਾਫ ਦਾਨਾ ਮੰਡੀ ਮਲੋਟ ਵਿਖੇ ਅੱਜ ਦੂਜੇ ਦਿਨ ਵੀ ਮਜਦੂਰਾਂ ਦੀਆਂ ਵੱਖ ਵੱਖ ਟੋਲੀਆਂ ਵਲੋਂ ਬਾਈਕਾਟ ਕੀਤਾ ਗਿਆ। ਸੁਦੇਸ਼ ਪਾਲ ਸਿੰਘ ਮਲੋਟ ਸੂਬਾ ਵਾਇਸ ਪ੍ਰਧਾਨ ਅਤੇ ਲਛਮਣ ਕੁਮਾਰ ਪ੍ਰਧਾਨ ਨੇ ਕਿਹਾ ਮਾਨ ਸਰਕਾਰ ਵੱਲੋਂ ਇੱਕ ਸਾਲ ਪਹਿਲਾਂ ਦਾਨਾ ਮੰਡੀ ਮਜਦੂਰਾਂ ਦੀ 25% ਮਜਦੂਰੀ ਵਧਾਈ ਗਈ ਸੀ ਜੋ ਲਗਭਗ 4 ਰੁਪਏ ਪ੍ਰਤੀ ਗੱਟਾ ਬਣਦੀ ਹੈ, ਜੋ ਪਿਛਲੇ ਦੋ ਸੀਜਨ ਵਿਚ ਨਹੀਂ ਦਿਤੀ ਗਈ, ਚਲ ਰਹੇ ਸੀਜਨ ਦੀ ਮਜਦੂਰੀ ਵਿਚ ਸਿਰਫ 30 ਪੈਸੇ ਦਾ ਵਾਧਾ ਕਰਕੇ ਮਾਨ ਸਰਕਾਰ ਨੇ ਮਜਦੂਰਾਂ ਨਾਲ ਸ਼ਰਮਨਾਕ ਅਤੇ ਕੋਝਾ ਮਜ਼ਾਕ ਕੀਤਾ ਹੈ। ਆਪ ਸਰਕਾਰ ਵੱਲੋਂ ਮਜਦੂਰਾਂ ਦਾ 600 ਕਰੋੜ ਰੁਪਏ ਦਾ ਨੁਕਸਾਨ ਅਤੇ "ਮਜਦੂਰ ਮਾਰੂ" ਰਵਈਏ ਕਾਰਨ ਦਾਨਾ ਮੰਡੀ ਮਜਦੂਰਾਂ ਵਲੋਂ ਲੋਕ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਬਾਈਕਾਟ ਕੀਤਾ ਜਾਵੇਗਾ। ਜਿਕਰਯੋਗ ਹੈ ਕਿ ਦਾਨਾ ਮੰਡੀ ਮਲੋਟ ਵਿੱਚ ਸਮੇਤ ਫੋਕਲ ਪੁਆਇੰਟਾਂ ਤੇ ਲਗਭਗ 550 ਮਜਦੂਰਾਂ ਦੀਆਂ ਟੋਲੀਆਂ ਕੰਮ ਕਰਦੀਆਂ ਹਨ, ਇੱਕ ਟੋਲੀ 15 ਤੋਂ 20 ਮਜਦੂਰ ਹੁੰਦੇ ਹਨ। ਅੱਜ ਦੀਆਂ ਟੋਲੀਆਂ ਦੇ ਆਗੂਆਂ ਵਿਚ ਪ੍ਰੇਮ ਕੁਮਾਰ ਲਗਰੀਆ, ਸ਼ਾਮ ਲਾਲ ਕਾਇਤ ਪ੍ਰਵੀਨ ਕੁਮਾਰ, ਨਰੇਸ਼ ਬਮਣੀਆ, ਮੋਜੇ ਬਮਣੀਆ, ਪਵਨ ਖੰਨਾ, ਸੁਖਚੈਨ ਸਿੰਘ, ਅਤੇ ਹਰਦੀਪ ਸਿੰਘ ਗਰੇਵਾਲ ਆਦਿ ਹਾਜ਼ਰ ਸਨ।

# ਸਮਰਾਲਾ ਦੇ ਰਹਿ ਚੁੱਕੇ ਡੀ ਐਸ ਪੀ ਜਸਪਿੰਦਰ ਸਿੰਘ ਗਿੱਲ ਖਿਲਾਫ ਕਾਰਵਾਈ ਨੂੰ ਲੈ ਕੇ ਰੱਖਿਆ ਗਿਆ ਧਰਨਾ ਮੁਲਤਵੀ



ਖੰਨਾ - ਲੋਕਾਂ ਦੇ ਵੱਖ-ਵੱਖ ਮਸਲਿਆਂ ਨੂੰ ਲੈ ਕੇ ਅਤੇ ਸਮਰਾਲਾ ਦੇ ਰਹਿ ਚੁੱਕੇ ਡੀਐਸਪੀ ਜਸਪਿੰਦਰ ਸਿੰਘ ਗਿੱਲ ਖਿਲਾਫ ਕਾਰਵਾਈ ਨੂੰ ਲੈ ਕੇ ਵੱਖ-ਵੱਖ ਇਨਸਾਫ ਪਸੰਦ ਜਥੇਬੰਦੀਆਂ ਵੱਲੋਂ ਰੱਖਿਆ ਗਿਆ ਰੋਸ ਧਰਨਾ ਮੁਲਤਵੀ ਕਰਕੇ , ਵੱਡਾ ਸੰਘਰਸ਼ ਉਲੀਕਣ ਲਈ ਜਥੇਬੰਦੀਆਂ ਦੀ ਅਗਲੀ ਮੀਟਿੰਗ 4 ਮਈ ਨੂੰ ਸਮਰਾਲਾ ਵਿਖੇ ਕੀਤੀ ਜਾਵੇਗੀ ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਚੇਤਨਾ ਲਹਿਰ ਪੰਜਾਬ ਦੇ ਪ੍ਰਧਾਨ ਸੰਦੀਪ ਸਿੰਘ ਰੁਪਾਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਸਾਡੇ ਵੱਖ-ਵੱਖ ਮੁੱਦੇ ਕਾਫੀ ਚਿਰ ਤੋਂ ਖੰਨਾ ਪੁਲਿਸ ਵਿੱਚ ਪਏ ਹਨ ਅਤੇ ਸਮਰਾਲਾ ਦੇ ਰਹਿ ਚੁੱਕੇ ਡੀ ਐਸ ਪੀ ਜਸਪਿੰਦਰ ਸਿੰਘ ਗਿੱਲ ਵੱਲੋਂ ਸਾਡੇ ਇੱਕ ਆਗੂ ਦੀ ਜ਼ਮੀਨ ਉੱਤੇ ਨਜਾਇਜ਼ ਕਬਜ਼ਾ ਕਰਵਾਇਆ ਗਿਆ ਅਤੇ ਬਾਅਦ ਵਿੱਚ ਉਹਨੂੰ ਆਪਣੇ ਦਫਤਰ ਸੱਦ ਕੇ ਡਰਾਇਆ ਧਮਕਾਇਆ ਗਿਆ ਤੇ ਤੇ ਉਹ ਉਸ ਨੂੰ ਪਲਾਟ ਛੱਡਣ ਲਈ ਮਜਬੂਰ ਕੀਤਾ ਗਿਆ। ਅਸੀਂ ਇਸ ਸਬੰਧੀ ਕਈ ਵਾਰ ਐਸ ਐਸ ਪੀ ਖੰਨਾ ਨੂੰ ਮਿਲ ਚੁੱਕੇ ਹਾਂ ਅਤੇ ਡੀ ਆਈ ਜੀ ਲੁਧਿਆਣਾ ਨੂੰ ਵੀ ਮਿਲ ਕੇ ਇਸ ਮਾਮਲੇ ਤੋਂ ਜਾਣੂ ਕਰਵਾ ਚੁੱਕੇ ਹਾਂ। ਜਥੇਬੰਦੀਆਂ ਵੱਲੋਂ ਫੈਸਲਾ ਕੀਤਾ ਗਿਆ ਸੀ ਕਿ ਡੀ ਐਸ ਪੀ ਜਸਪਿੰਦਰ ਸਿੰਘ ਗਿੱਲ ਖਿਲਾਫ 26 ਤਰੀਕ ਨੂੰ ਵੱਡਾ ਰੋਸ ਮੁਜ਼ਾਹਰਾ ਕੀਤਾ ਜਾਵੇ ਇਹ ਮੁਜ਼ਾਹਰਾ ਕਰਨ ਲਈ ਜਥੇਬੰਦੀਆਂ ਬਜਿਦ ਸਨ ਪਰ ਸਮਰਾਲਾ ਦੇ ਮੌਜੂਦਾ ਡੀ ਐਸ ਪੀ ਅਤੇ ਕਈ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਇਸ ਗੱਲ ਦਾ ਭਰੋਸਾ ਦਿੱਤਾ ਕਿ ਇਸ ਮਾਮਲੇ ਦੀ ਜਾਂਚ ਕਮੇਟੀ ਬਣਾ ਕੇ ਜਾਂਚ ਕੀਤੀ ਜਾਵੇਗੀ ਅਤੇ ਦੂਸਰਾ ਬਹੁਤ ਸਾਰੇ ਆਗੂਆਂ ਦਾ ਵਿਚਾਰ ਸੀ ਵੱਡੀ ਪੱਧਰ ਤੇ ਲੋਕ ਕਣਕ ਦੇ ਸੀਜ਼ਨ ਵਿੱਚ ਰੁੱਝੇ ਹੋਏ ਹਨ। ਅਸੀਂ ਨਹੀਂ ਚਾਹੁੰਦੇ ਕਿ ਸਾਡੇ ਕਰਕੇ ਕਣਕ ਦਾ ਸੀਜਨ ਪ੍ਰਭਾਵਿਤ ਹੋਵੇ ਪਰ ਜੇਕਰ ਪ੍ਰਸ਼ਾਸਨ ਨੇ ਸਾਡੇ ਮਸਲੇ ਹੱਲ ਨਾ ਕੀਤੇ ਤਾਂ ਵੱਡਾ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਜਥੇਬੰਦੀਆਂ ਵੱਲੋਂ ਅਗਲੀ ਰਣਨੀਤੀ ਤਿਆਰ ਕਰਨ ਲਈ ਅਗਲੀ ਮੀਟਿੰਗ 4 ਮਈ ਨੂੰ ਕੀਤੀ ਜਾਵੇਗੀ ਇਸ ਮੌਕੇ ਅਮਰਜੀਤ ਸਿੰਘ ਬਾਲਿਓਂ ਪ੍ਰਧਾਨ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਨੇ ਕਿਹਾ ਕਿ ਲੋਕਾਂ ਨਾਲ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਜੇਕਰ ਲੋੜ ਪਈ ਤਾਂ ਹੋਰ ਸੰਘਰਸ਼ ਤੇਜ਼ ਕੀਤਾ ਜਾਵੇਗਾ ਇਸ ਮੌਕੇ ਹੋਰਨਾਂ ਤੋਂ ਇਲਾਵਾ ਰਘਬੀਰ ਸਿੰਘ ਬਡਲਾ ਚੇਅਰਮੈਨ ਮਨੁੱਖੀ ਅਧਿਕਾਰ ਮੰਚ ਪੰਜਾਬ , ਕਾਮਰੇਡ ਦਰਸ਼ਨ ਸਿੰਘ ਪ੍ਰਧਾਨ ਲੋਕ ਸੰਘਰਸ਼ ਕਮੇਟੀ ਮਾਛੀਵਾੜਾ, ਸਰਬਜੀਤ ਸਿੰਘ ਪੱਪੀ , ਪਰਮਜੀਤ ਸਿੰਘ ਮਾਛੀਵਾੜਾ ਆਗੂ ਜਮਹੂਰੀ ਕਿਸਾਨ ਸਭਾ ਪੰਜਾਬ , ਸੂਬੇਦਾਰ ਪ੍ਰਿਤਪਾਲ ਸਿੰਘ ਮਾਛੀਵਾੜਾ , ਸ਼ਵਿੰਦਰ ਸਿੰਘ , ਰਾਜਿੰਦਰ ਸਿੰਘ , ਕਾਮਰੇਡ ਬੰਤ ਸਿੰਘ ਆਦਿ ਹਾਜ਼ਰ ਸਨ।

# ਪੈਨਸ਼ਨਰ ਐਸੋਸੀਏਸ਼ਨ ਪਾਵਰਕੌਮ ਦੇ ਮੁਲਜ਼ਮਾਂ ਨੂੰ ਕੀਤਾ ਜਾ ਰਿਹਾ ਜਲੀਲ



ਦੋਦਾ, ਪੈਨਸ਼ਨਰ ਐਸੋਸੀਏਸ਼ਨ ਪਾਵਰਕੌਮ ਮੰਡਲ ਸ੍ਰੀ ਮੁਕਤਸਰ ਸਾਹਿਬ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਡਵੀਜ਼ਨ ਪ੍ਰਧਾਨ ਜੋਗਿੰਦਰ ਸਿੰਘ ਮੱਲਣ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਵੱਖ ਵੱਖ ?ਜੱਥੇਬੰਦੀਆ ਦੇ ਆਗੂਆਂ ਨੇ ਹਿੱਸਾ ਲਿਆ ਪ੍ਰੈਸ ਸਕੱਤਰ ਅਮਰਜੀਤ ਪਾਲ ਸ਼ਰਮਾ ਅਤੇ ਸਕੱਤਰ ਅਸ਼ੋਕ ਕੁਮਾਰ ਰੁਪਾਣਾ ਨੇ ਦੱਸਿਆ ਹੈ ਕਿ ਵਧੀਕ ਨਿਗਰਾਨ ਇੰਜੀਨੀਅਰ ਮੰਡਲ ਸਿਰੀ ਮੁਕਤਸਰ ਸਾਹਿਬ ਵੱਲੋਂ ਜਥੇਬੰਦੀ ਨੂੰ ਤਰਾ ਤਰਾ ਦੇ ਬਹਾਨੇ ਬਣਾਕੇ ਅਣਗੌਲਿਆ ਕੀਤਾ ਜਾ ਰਿਹਾ ਹੈ ਮੀਟਿੰਗ ਦੇਕੇ ਮਸਲੇ ਹੱਲ ਕਰਨ ਦੀ ਬਜਾਏ ਹਰ ਤਰਾ ਦੇ ਹੱਥਕੰਡੇ ਅਪਣਾਅ ਕੇ ਪੈਨਸ਼ਨਰਾਂ ਨੂੰ ਜਲੀਲ ਕੀਤਾ ਜਾ ਰਿਹਾ ਹੈ ਜਿਉਦਾ ਹੋਣ ਦਾ ਪਰਣਾਮ ਫਾਰਮ ਭਰਨ ਆਏ ਪੈਨਸ਼ਨਰਾਂ ਨੂੰ ਬੈਠਣ ਲਈ ਜਗ੍ਹਾ ਨਾ ਹੋਣ ਕਾਰਨ ਲਾਈਨਾ ਵਿੱਚ ਖੜਕੇ ਫਾਰਮ ਭਰਨੇ ਪੇ ਰਹੇ ਹਨ ਪੀਣ ਵਾਲੇ ਪਾਣੀ ਦਾ ਪ੍ਰਬੰਧ ਨਹੀ ਹੈ, ਮੰਗ ਪੱਤਰ ਅਨੁਸਾਰ ਮਸਲੇ ਜਿਉ ਦੇ ਤਿਉਂ ਖੜ੍ਹੇ ਹਨ। ਮੈਡੀਕਲ ਬਿਲ ਪਾਸ਼ ਨਾ ਹੋਣ,ਪੇਮੈਂਟ ਨਾ ਮਿਲਣ,ਗਰੈਚਟੀ ਅਤੇ ਰਿਵਾਇਜ ਪੈਨਸ਼ਨ ਦੇ ਕੇਸ ਹੱਲ ਨਾ ਹੋਣ ਕਾਰਨ ਵਰਕਰਾਂ ਵਿੱਚ ਬੇਚੈਨੀ ਦਾ ਮਹੌਲ ਹੈ,ਵਾਰ ਵਾਰ ਪੱਤਰ ਲਿਖਣ, ਰੈਲੀਆਂ, ਧਰਨੇ ਦੇਣ ਉਪਰੰਤ ਵੀ ਸੰਘਰਸ਼ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਮੀਟਿੰਗ ਵਿੱਚ ਹਾਜ਼ਰ ਟੀ ਐਸ ਯੂ ਭੰਗਲ,ਟੀ ਐਸ ਯੂ, ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ, ਪੈਸਕੋ ਯੂਨੀਅਨ,ਪਾਵਰਕਾਮ ਐਂਡ ਟਰਾਸਕੋ ਠੇਕਾ ਮੁਲਾਜ਼ਮ,ਜੇ,ਈ, ਕੌਂਸਲ ਯੂਨੀਅਨ ਦੇ ਆਗੂਆਂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਅਤੇ ਬਿਜਲੀ ਬੋਰਡ ਦੇ ਉੱਚ ਅਧਿਕਾਰੀਆਂ ਨੂੰ ਸਭ ਕੁੱਝ ਧਿਆਨ ਵਿੱਚ ਹੋਣ ਦੇ ਬਾਵਜੂਦ ਦਖਲ ਦੇਕੇ ਮਸਲਾ ਹੱਲ ਕਰਵਾਉਣ ਦੀ ਬਜਾਏ ਮੂਕ ਦਰਸ਼ਕ ਬਣ ਕੇ ਦੇਖਿਆ ਜਾ ਰਿਹਾ ਹੈ ਆਗੂਆਂ ਨੇ ਕਿਹਾ ਹੈ ਕਿ ਜੇਕਰ ਜਥੇਬੰਦੀ ਨੂੰ ਮਾਨਤਾ ਦੇਕੇ ਬਕਾਇਦਾ ਮੀਟਿੰਗ ਦੇਕੇ ਮਸਲੇ ਹੱਲ ਨਾ ਕੀਤੇ ਤਾਂ ਮਿਤੀ 13,05,24 ਨੂੰ ਹੋਰ ਪ੍ਰਭਾਵਸ਼ਾਲੀ ਧਰਨਾ ਦੇ ਕੇ ਮਾਰਚ ਕੀਤਾ ਜਾਵੇਗਾ ਅੱਜ ਦੀ ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਕਿਹਾ ਹੈ ਕਿ ਇਸ ਧਰਨੇ ?ਵਿੱਚ ਵੱਡੀ ਪੱਧਰ ਤੇ ?ਸਮੂਲੀਅਤ ਕੀਤੀ ਜਾਵੇਗੀ ਅੱਜ ਦੀ ਮੀਟਿੰਗ ਵਿੱਚ ਜੋਗਿੰਦਰ ਸਿੰਘ ਮੱਲਣ, ਅਮਰਜੀਤ ਪਾਲ ਸ਼ਰਮਾ, ਮੇਜਰ ਸਿੰਘ, ਅਸ਼ੋਕ ਰੁਪਾਣਾ,ਵਿਜੈ ਸੋਈ, ਸ਼ਮਿੰਦਰ ਪਾਲ ਸਿੰਘ, ਕੇਸਰ ਸਿੰਘ, ਵਰਿੰਦਰ ਸਿੰਘ, ਗੁਰਦੀਪ ਸਿੰਘ,ਬੱਲਾ ? ਸਿੰਘ,ਬਰਜਿੰਦਰ ਸ਼ਰਮਾ ਆਦਿ ਆਗੂ ਹਾਜਰ ਸਨ।

St. Soldier
GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
• 56 Colleges & Schools • 200 Merit Positions
• 125 Companies For Placements
• 75 Academic Courses
• 2000 Placements In 2022 - 2023
• 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
/stsoldiergroup
www.stsoldiergroup.com
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# ਨਸ਼ਿਆਂ ਦੇ ਅੱਤਵਾਦ ਨੇ ਪਿੰਜ ਸੁੱਟਿਆ ਪਿਆਰਾ ਪੰਜਾਬ

ਪੰਜਾਬ ਭਿਅੰਕਰ ਸੰਕਟਾਂ ਦੀ ਲਪੇਟ ਵਿਚ ਆ ਕੇ ਸਮੇਂ-ਸਮੇਂ ਆਪਣੀ ਆਨ, ਸ਼ਾਨ ਤਾਂ ਗੁਆਉਂਦਾ ਹੀ ਰਿਹਾ ਹੈ, ਪਰ ਇਸ ਸਮੇਂ ਤਾਂ ਨਸ਼ਿਆਂ ਦੇ ਅੱਤਵਾਦ ਨੇ ਆਨ, ਸ਼ਾਨ ਦੇ ਨਾਲ-ਨਾਲ ਇਸ ਦੀ ਹੋਂਦ ਲਈ ਵੀ ਖਤਰਾ ਪੈਦਾ ਕਰ ਦਿੱਤਾ ਹੈ। ਪੰਜਾਬ ਜਿਹੜਾ 1947 ਦੇ ਦੰਗਿਆਂ ਦੀ ਮਾਰ ਨਾਲ ਵੀ ਨਹੀਂ ਮਰਿਆ, ਮੁੜ ਜੀਅ ਉਠਿਆ, ਪੰਜਾਬ ਜਿਸ ਨੇ ਆਪਣੇ ਪਿੰਡੇ ਉਤੇ ਜੰਗਾਂ ਦੇ ਪ੍ਰੋਕੋਪ ਨੂੰ ਵੀ ਸਿਹਾ, ਤੱਤੀਆਂ-ਠੰਡੀਆਂ ਨਕਸਲੀ, ਖਾੜਕੂ ਅਤੇ ਹੋਰ ਅੱਲ ਬਲੱਲੀਆਂ ਲਹਿਰਾਂ ਨੂੰ ਝੱਲਿਆ ਅਤੇ ਜਿਹੜਾ ਮੁੜ ਆਪਣੇ ਆਪ ਨੂੰ ਥਾਂ ਸਿਰ ਕਰਨ ਲਈ ਸਦਾ ਯਤਨਸ਼ੀਲ ਰਿਹਾ, ਨਸ਼ਿਆਂ ਦੇ ਅੱਤਵਾਦ ਦਾ ਗ੍ਰਸਿਆ ਕੁਝ ਸਾਲਾਂ 'ਚ ਹੀ ਆਪਣੀ ਪੂਰੀ ਦੀ ਪੂਰੀ ਪੀੜ੍ਹੀ ਦੇ ਖਾਤਮੇ ਦੀ ਕਾਗਾਰ 'ਤੇ ਆ ਖੜਿਆ ਹੈ। ਕੀ ਪੰਜਾਬ ਦੇ ਹਿਤੈਸ਼ੀ ਇਸ ਤੱਥ ਤੋਂ ਅਨਜਾਣ ਹਨ? ਪੰਜਾਬ ਦੇ ਸੂਝਵਾਨ ਲੋਕ ਤੇ ਪੰਜਾਬ ਦੀ ਅਲਗਰਜ਼ ਸਰਕਾਰ ਬੇਮੌਕੇ ਆਈ ਇਸ ਆਫ਼ਤ ਦਾ ਟਾਕਰਾ ਕਰਨ ਤੋਂ ਕੰਨੀਂ ਕਿਉਂ ਕਤਰਾ ਰਹੀ ਹੈ? ਕਿਉਂ ਸਰਕਾਰ ਸਿਰਫ਼ ਓਪਰੇ ਜਿਹੇ ਮਨ ਨਾਲ ਇਸ ਅਵੱਲੀ ਆਫ਼ਤ ਨੂੰ ਨਜਿੱਠਣ ਲਈ ਯਤਨ ਕਰ ਰਹੀ ਹੈ? ਪੰਜਾਬ ਜਿਹੜਾ ਪਹਿਲਾਂ ਹੀ ਕੁਦਰਤੀ ਆਫ਼ਤਾਂ ਦਾ ਸ਼ਿਕਾਰ ਹੈ, ਜਿਹੜਾ ਕੈਂਸਰ ਜਿਹੀ ਬੀਮਾਰੀ ਦੀ ਲਪੇਟ 'ਚ ਹੈ, ਪੰਜਾਬ ਜਿਹੜਾ ਰਿਸ਼ਵਤਖੋਰੀ, ਮਿਲਾਵਟਖੋਰੀ, ਲੁੱਟ-ਖਸੁੱਟ, ਬੇਰੁਜ਼ਗਾਰੀ, ਸਿਆਸੀ ਤਾਨਾਸ਼ਾਹੀ ਨਾਲ ਗ੍ਰਸਿਆ ਪਿਆ ਹੈ, ਉਸ ਉਤੇ ਨਸ਼ਿਆਂ ਦਾ ਹਮਲਾ ਕੀ ਪੰਜਾਬੀ ਕੌਮ ਨੂੰ ਖਤਮ ਕਰਨ ਦੀ ਸਾਜ਼ਿਸ਼ ਤਾਂ ਨਹੀਂ?

ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ 'ਚ ਨਸ਼ਿਆਂ ਦੇ ਇਸ ਅੱਤਵਾਦ ਦਾ ਦੋਸ਼ੀ ਹੈ ਕੌਣ? ਕੀ ਪੰਜਾਬ ਦੀ ਸਰਕਾਰ ਦੋਸ਼ੀ ਹੈ? ਕੀ ਭਾਰਤ ਸਰਕਾਰ ਦਾ ਦੋਸ਼ ਹੈ? ਕੀ ਪੰਜਾਬ ਦੀ ਭ੍ਰਿਸ਼ਟਾਚਾਰੀ ਅਫ਼ਸਰਸ਼ਾਹੀ, ਪੁਲਿਸ ਪ੍ਰਸਾਸ਼ਨ ਅਤੇ ਗੰਦੇ ਕੁਰਸੀ ਦੇ ਭੁੱਖੇ ਸਿਆਸਤਦਾਨਾਂ ਦਾ ਗੱਠਜੋੜ ਪੰਜਾਬੀਆਂ ਦੇ ਖਾਤਮੇ ਲਈ ਜਵਾਬਦੇਹ ਨਹੀਂ, ਜਿਨ੍ਹਾਂ ਸਮੇਂ-ਸਮੇਂ ਨਸ਼ਿਆਂ ਦੇ ਕਾਰੋਬਾਰੀਆਂ, ਸਮੱਗਲਰਾਂ ਦੀਆਂ ਵਾਗਾਂ ਖੁਲ੍ਹੀਆਂ ਛੱਡ ਰੱਖੀਆਂ ਅਤੇ ਜਿਨ੍ਹਾਂ ਨੂੰ ਪੰਜਾਬ ਦੇ ਨੌਜਵਾਨਾਂ ਦੇ ਸਰੀਰਾਂ ਨਾਲ ਖੁਲ੍ਹ ਖੇਲ੍ਹਣ ਦਿੱਤਾ, ਜਿਹੜੇ ਪਹਿਲਾਂ ਹੀ ਬੇਰੁਜ਼ਗਾਰੀ, ਅਨਪੜ੍ਹਤਾ ਦਾ ਸ਼ਿਕਾਰ ਅਤੇ ਨਿਰਾਸ਼ਾ ਭਰੀ ਜ਼ਿੰਦਗੀ ਜੀਊਣ ਲਈ ਮਜ਼ਬੂਰ ਹੋਏ ਪਏ ਸਨ!


ਅੱਜ ਨਸ਼ੇ ਪੰਜਾਬੀਆਂ ਦੇ ਘਰਾਂ 'ਚ ਇਸ ਕਦਰ ਫੈਲ ਚੁੱਕੇ ਹਨ ਕਿ ਸ਼ਹਿਰਾਂ-ਪਿੰਡਾਂ ਦੇ ਗਿਣਤੀ-ਮਿਣਤੀ ਦੇ ਪਰਿਵਾਰ ਹੀ ਇਸ ਦੀ ਮਾਰ ਤੋਂ ਬਚੇ ਹੋਣਗੇ। ਘਰਾਂ ਦੇ ਘਰ, ਜਿਹੜੇ ਪਹਿਲਾਂ ਪੰਜਾਬ 'ਚ ਵਾਪਰੀਆਂ ਜੰਗਾਂ, ਤੱਤੀਆਂ ਠੰਡੀਆਂ ਲਹਿਰਾਂ, ਆਪਸੀ ਭਾਈਚਾਰਾ, ਵਖਰੇਵੇਂ ਅਤੇ ਦਰਬਾਰ ਸਾਹਿਬ ਉਤੇ ਹੋਏ ਅਤਿ ਘਿਨੌਣੇ ਹਮਲੇ ਜਿਹੀਆਂ ਘਟਨਾਵਾਂ ਦਾ ਸੰਤਾਪ ਹੰਢਾ ਚੁੱਕੇ ਸਨ, ਅੱਜ ਨਸ਼ਿਆਂ ਦੀ ਭੱਠੀ 'ਚ ਜਿਵੇਂ ਝੋਕ ਦਿੱਤੇ ਗਏ ਹਨ। ਨਸ਼ੇ ਨੇ ਪੰਜਾਬੀਆਂ ਦੇ ਸਾਂਝੇ ਪਰਿਵਾਰ ਖੇਰੂ-ਖੇਰੂ ਕਰ ਦਿੱਤੇ, ਨਸ਼ੇ ਨੇ ਪਿਉ ਨੂੰ ਪੁੱਤਰ ਨਾਲੋਂ, ਮਾਂ ਨੂੰ ਧੀ ਨਾਲੋਂ ਇਸ ਕਦਰ ਵੱਖ ਕਰ ਦਿੱਤਾ ਹੋਇਆ ਹੈ ਕਿ ਨੌਜਵਾਨ ਧੀ ਪੁੱਤ ਮਾਪਿਆਂ ਦੇ ਪਿਆਰ, ਸਤਿਕਾਰ ਦਾ ਜਿਵੇਂ ਅਰਥ ਹੀ ਭੁੱਲ ਗਏ ਹਨ। ਕੀ ਸੱਚਮੁੱਚ ਪੰਜਾਬੀ ਇਹੋ ਜਿਹੀ ਸ਼ਖ਼ਸ਼ੀਅਤ ਦੇ ਮਾਲਕ ਹੋਇਆ ਕਰਦੇ ਸਨ?


ਕਦੇ ਪੰਜਾਬ ਦੇ ਪਿੰਡਾਂ ਦੇ ਨੌਜਵਾਨ ਸ਼ਾਮਾਂ ਵੇਲੇ ਵੱਖੋ-ਵੱਖਰੀਆਂ ਖੇਡਾਂ 'ਚ ਮਗਨ ਡੰਡ ਬੈਠਕਾਂ ਕੱਢਦੇ, ਕਬੱਡੀ ਘੋਲਾਂ ਕਰਦੇ, ਆਪਣੇ ਜੁਸਿਆਂ ਨੂੰ ਤਕੜੇ ਕਰਦੇ ਆਪਣੇ ਆਉਣ ਵਾਲੇ ਸਮੇਂ ਨੂੰ ਰੌਸ਼ਨ ਕਰਦੇ ਵਿਖਾਈ ਦੇਂਦੇ ਸਨ। ਤਾਂ ਕਿ ਚੰਗੇ ਜੁੱਸਿਆਂ ਦੀ ਤਾਕਤ 'ਤੇ ਫੌਜ 'ਚ ਭਰਤੀ ਹੋ ਸਕਣ। ਚੰਗੇ ਜੁੱਸਿਆਂ ਦੀ ਤਾਕਤ 'ਤੇ ਖੇਤੀ ਦਾ ਕਾਰੋਬਾਰ ਹੱਥੀਂ ਨਿਭਾਅ ਸਕਣ ਅਤੇ ਜੇਕਰ ਕਿਧਰੇ ਵਿਦੇਸ਼ 'ਚ ਜਾਣਾ ਪਵੇ ਤਾਂ ਉਥੇ ਜਾ ਕੇ ਆਪਣੀ ਤਾਕਤ ਦਾ ਲੋਹਾ ਮੰਨਵਾ ਸਕਣ। ਪਰ ਅੱਜ ਪੰਜਾਬੀ, ਭਾਰਤੀ ਫੌਜੀ ਭਰਤੀ 'ਚ ਆਪਣੀ ਧਾਂਕ ਗੁਆ ਰਹੇ ਹਨ, ਅੱਜ ਪੰਜਾਬੀ ਮਿਹਨਤੀ ਕੌਮ ਦੀ ਥਾਂ ਨਸ਼ੱਈਆਂ ਦੀ ਕੌਮ ਵਜੋਂ ਜਾਣੇ ਜਾਣ ਲੱਗ ਪਏ ਹਨ। ਆਖਰ ਕਿਸ ਨੇ ਇਸ ਅਣਖੀਆਂ, ਯੋਧਿਆਂ, ਬਹਾਦਰਾਂ, ਧਾਰਮਿਕ ਪ੍ਰਪੱਕਤਾ ਵਾਲੇ ਵਿਅਕਤੀਆਂ ਦੀ ਕੌਮ ਨੂੰ ਨਜ਼ਰ ਲਗਾ ਦਿੱਤੀ ਹੈ? ਆਖਰ ਕਿਸ ਨੇ ਇਸ ਕੌਮ ਦੇ ਖਾਤਮੇ ਲਈ ਜਾਲ ਬੁਣਿਆ ਹੈ?

ਬਿਨ੍ਹਾਂ ਸ਼ੱਕ ਪੰਜਾਬੀਆਂ 'ਚ ਕਿਧਰੇ-ਕਿਧਰੇ ਡੋਡੇ, ਅਫ਼ੀਮ, ਦੇਸੀ ਸ਼ਰਾਬ ਦਾ ਸੇਵਨ ਕਰਨ ਦਾ ਜਿਵੇਂ ਕੁਝ ਪਰਿਵਾਰਾਂ 'ਚ ਰਿਵਾਜ਼ ਹੀ ਸੀ। ਪਰ ਇਹ ਬਹੁਤ ਹੀ ਸੀਮਤ ਸੀ। ਨਸ਼ਾ ਕਰਦੇ ਇਨ੍ਹਾਂ ਪਰਿਵਾਰਾਂ ਨੂੰ ਲੋਕਾਂ ਵਿਚ ਸਨਮਾਨ ਦੀ ਦ੍ਰਿਸ਼ਟੀ ਨਾਲ ਨਹੀਂ ਸੀ ਵੇਖਿਆ ਜਾਂਦਾ, ਸਗੋਂ ਅਮਲੀਆਂ, ਸ਼ਰਾਬੀਆਂ ਦੇ ਟੱਬਰ ਵਜੋਂ ਘ੍ਰਿਣਾ ਨਾਲ ਵੇਖਿਆ ਜਾਂਦਾ ਸੀ ਅਤੇ ਇਨ੍ਹਾਂ ਘਰਾਂ 'ਚ ਲੋਕ ਆਪਣੀਆਂ ਧੀਆਂ, ਪੁੱਤਰਾਂ ਦੇ ਵਿਆਹ ਕਰਨ, ਕਰਵਾਉਣ ਤੋਂ ਦਰੇਗ ਕਰਿਆ ਕਰਦੇ ਸਨ। ਪਰ ਅੱਜ ਟੱਬਰਾਂ ਦੇ ਟੱਬਰ ਅਮਲੀ ਹਨ, ਟੱਬਰਾਂ ਦੇ ਟੱਬਰ ਸ਼ਰਾਬੀ ਹਨ, ਪੁੱਤ ਪਿਉ ਇਕੱਠੇ ਬੈਠ ਕੇ ਗਲਾਸੀਆਂ ਲਗਾਉਂਦੇ ਹਨ, ਵਿਆਹਾਂ, ਸ਼ਾਦੀਆਂ ਤੇ ਨਹੀਂ, ਆਮ ਤੌਰ 'ਤੇ ਹੀ ਘਰੀਂ ਬੈਠ ਜਾਮ ਟਕਰਾਉਂਦੇ ਹਨ, ਅੱਜ ਟੱਬਰਾਂ ਦੇ ਟੱਬਰ ਸਮੈਕੀਏ ਹਨ, ਪਿੰਡਾਂ ਦੇ ਪਿੰਡ ਨਸ਼ੇ ਦੇ ਸਮੱਗਲਰਾਂ ਵਜੋਂ ਮਸ਼ਹੂਰ ਹਨ, ਨਸ਼ਈਆਂ ਦੇ ਡੇਰਿਆਂ ਵਜੋਂ ਜਾਣੇ ਜਾਂਦੇ ਹਨ। ਪਰ ਕੀ ਪੰਜਾਬ ਦੀ ਇਹੋ ਜਿਹੀ ਹਾਲਤ ਇਕੋ ਦਿਨ 'ਚ ਹੋ ਗਈ? ਆਖਰ ਪੰਜਾਬ ਦੀ ਹਿਤੈਸ਼ੀ, ਲੋਕਾਂ ਦਾ ਦਰਦ ਜਾਨਣ ਦਾ ਦਾਅਵਾ ਕਰਨ ਵਾਲੀ, ਲੋਕਾਂ ਦੇ ਅੰਗ-ਸੰਗ ਰਹਿਣ ਦਾ ਹੋਕਾ ਦੇਣ ਵਾਲੀ ਸਰਕਾਰ ਉਦੋਂ ਚੁੱਪ ਕਿਵੇਂ ਬੈਠੀ ਰਹੀ, ਜਦੋਂ ਪਿੰਡਾਂ 'ਚ ਮੋਟਰ ਸਾਈਕਲਾਂ, ਕਾਰਾਂ-ਗੱਡੀਆਂ ਤੇ ਸ਼ਰੇਆਮ ਨਸ਼ਾ ਵਿਕਦਾ ਸੀ। ਕੀ ਇਸ ਸਭ ਕੁਝ ਲਈ ਸਿਆਸਤਦਾਨਾਂ ਦੀ ਉਹ ਟੋਲੀ ਜ਼ੁੰਮੇਵਾਰ ਨਹੀਂ, ਜਿਹੜੀ ਚੋਣਾਂ 'ਚ ਨਸ਼ੇ ਵਰਤਾ ਕੇ ਵੋਟਾਂ ਲੈਂਦੀ ਹੈ? ਕੀ ਕੇਂਦਰ ਦੀ ਸਰਕਾਰ ਇਸਦੇ ਸਰਹੱਦਾਂ 'ਤੇ ਰਖਵਾਲੀ ਕਰਦੇ ਅਰਧ ਸੈਨਿਕ, ਸੈਨਿਕ ਬਲ ਇਸ ਜ਼ੁੰਮੇਵਾਰੀ ਤੋਂ ਬਚ ਸਕਦੇ ਹਨ, ਜਿਥੋਂ ਬਾਵਜੂਦ ਕੰਡਿਆਲੀ ਤਾਰ ਲੱਗਣ ਦੇ ਅਫਗਾਨਿਸਤਾਨ ਤੋਂ ਆਇਆ ਹੋਇਆ ਪਾਕਿਸਤਾਨੀ ਹਿੰਦੋਸਤਾਨੀ ਸਰਹੱਦ ਤੋਂ ਟਨਾਂ ਦੇ ਟਨ ਨਸ਼ਾ ਲੰਘ ਜਾਂਦਾ ਹੈ, ਜਿਥੋਂ ਸੂਈ ਭਰ ਵੀ ਕੋਈ ਚੀਜ਼ ਨਾ ਲੰਘਣ ਦਾ ਦਾਅਵਾ ਕੇਂਦਰ ਸਰਕਾਰੀ ਬਲ ਕਰਦੇ ਹਨ? ਆਖ਼ਿਰ ਪੰਜਾਬ ਦੀ ਇਸ ਹੋ ਰਹੀ ਦੁਰਦਸ਼ਾ ਦਾ ਸੂਬਾ ਅਤੇ ਕੇਂਦਰ ਦੀਆਂ ਸਰਕਾਰਾਂ ਅਵੇਸਲੀਆਂ ਰਹਿ ਕੇ ਚੁੱਪਚਾਪ ਤਮਾਸ਼ਾ ਕਿਉਂ ਵੇਖਦੀਆਂ ਰਹੀਆਂ?

ਭਾਵੇਂ ਕਿ ਪੰਜਾਬ 'ਚ ਅਸਲੀ ਨਸ਼ਈਆਂ ਅਤੇ ਨਸ਼ਾ ਵੇਚਣ ਵਾਲਿਆਂ ਅਤੇ ਸਮੱਗਲਰਾਂ ਦੀ ਗਿਣਤੀ ਕਰਨਾ ਸੰਭਵ ਨਹੀਂ ਹੈ, ਪਰ ਇਕ ਅੰਦਾਜ਼ੇ ਮੁਤਾਬਕ 16 ਤੋਂ 35 ਸਾਲ ਦੇ 70% ਨੌਜਵਾਨ ਸਕੂਲਾਂ-ਕਾਲਜਾਂ 'ਚ ਪੜ੍ਹਨ ਵਾਲੇ ਪਾੜ੍ਹੇ ਸ਼ਰਾਬ ਤੋਂ ਬਿਨ੍ਹਾਂ ਸਮੈਕ, ਚਿੱਟੇ, ਨਸ਼ੇ ਦੇ ਕੈਪਸੂਲਾਂ ਦੀ ਵਰਤੋਂ ਕਰਦੇ ਹਨ ਅਤੇ ਸੂਬਾ ਪੰਜਾਬ ਸੰਬੰਧੀ ਸਮਾਜਕ ਸੁਰੱਖਿਆ ਔਰਤਾਂ ਅਤੇ ਬੱਚਿਆਂ ਦੇ ਵਿਭਾਗ ਦੇ ਕੀਤੇ ਸਰਵੇ 'ਚ ਇਹ ਤੱਥ ਸਾਹਮਣੇ ਆਇਆ ਹੈ ਕਿ ਪੇਂਡੂ ਖਿੱਤੇ ਦੇ 67% ਘਰਾਂ ਵਿਚੋਂ ਘੱਟੋ-ਘੱਟ ਇਕ ਬੰਦਾ ਨਸ਼ਿਆਂ ਦਾ ਸੇਵਨ ਕਰਦਾ ਹੈ। ਕੀ ਇਹ ਸਾਡੇ ਸਭਨਾਂ ਲਈ ਫਿਕਰਮੰਦੀ ਵਾਲੀ ਗੱਲ ਨਹੀਂ ਹੈ?

ਪੰਜਾਬ 'ਚ ਨਸ਼ਿਆਂ ਦੇ ਵਿਉਪਾਰੀਆਂ ਨੂੰ ਫੜਨ ਲਈ ਪੁਲਿਸ ਵੱਲੋਂ ਯਤਨ ਆਰੰਭੇ ਗਏ ਹਨ, ਉਹ ਵੀ ਪੰਜਾਬ ਸਰਕਾਰ ਉਤੇ ਨਸ਼ਿਆਂ ਦੇ ਸਮੱਗਲਰਾਂ ਦੀ ਸਰਪ੍ਰਸਤੀ ਦੇ ਲੱਗੇ ਇਲਜ਼ਾਮਾਂ ਅਤੇ ਪੰਜਾਬ ਦੀ ਜਨਤਾ ਵੱਲੋਂ ਲੋਕ ਸਭਾ ਚੋਣਾਂ ਸਮੇਂ ਹਾਕਮ ਧਿਰ ਤੋਂ ਮੂੰਹ ਫੇਰਨ ਤੋਂ ਬਾਅਦ। ਪਰ ਨਸ਼ਿਆਂ ਦੇ ਵਿਓਪਾਰ 'ਚ ਲਿਪਤ ਵੱਡੀਆਂ ਮੱਛੀਆਂ ਹਾਲੀ ਵੀ ਪਕੜ ਤੋਂ ਗਾਇਬ ਕਿਉਂ ਹਨ? ਕੀ ਸਰਕਾਰ ਉਨ੍ਹਾਂ ਨੂੰ ਹੱਥ ਪਾਏਗੀ? ਇਸਦਾ ਜਵਾਬ ਹਾਲੀ ਸਰਕਾਰ ਵੱਲੋਂ ਦੇਣਾ ਬਣਦਾ ਹੈ!





29 ਕਰੋੜ ਸ਼ਰਾਬ ਦੀਆਂ ਬੋਤਲਾਂ ਹਰ ਸਾਲ ਡਕਾਰਨ ਵਾਲੇ ਪੰਜਾਬੀ ਦੁਨੀਆਂ ਭਰ ਵਿਚ ਪ੍ਰਤੀ ਜੀਅ ਸ਼ਰਾਬ ਪੀਣ 'ਚ ਪਹਿਲੇ ਨੰਬਰ 'ਤੇ ਹਨ ਅਤੇ ਪੰਜਾਬ ਦੀ ਸਰਕਾਰ ਬਿਨ੍ਹਾਂ ਕਿਸੇ ਵਿਰੋਧ, ਬਿਨ੍ਹਾਂ ਕਿਸੇ ਸੋਚ, ਲਗਾਤਾਰ ਸ਼ਰਾਬ ਦੇ ਦੇਸੀ ਠੇਕੇ ਖੋਲ੍ਹਣ 'ਚ ਕੋਈ ਪਰਹੇਜ਼ ਨਹੀਂ ਕਰ ਰਹੀ ਸਗੋਂ ਸ਼ਰਾਬ ਤੇ ਟੈਕਸ ਲਗਾਕੇ ਵੱਧ ਤੋਂ ਵੱਧ ਸਰਕਾਰੀ ਆਮਦਨ ਇਕੱਠੀ ਕਰਨ ਦੇ ਚੱਕਰ ਵਿਚ ਹੈ। ਤੰਬਾਕੂ, ਗੁਟਕਾ, ਖੈਣੀ ਵਰਗੇ ਨਸ਼ੇ ਜਿਹੜਾ ਕੁਝ ਸਮਾਂ ਪਹਿਲਾਂ ਪੰਜਾਬ 'ਚ ਉਪਲੱਬਧ ਨਹੀਂ ਸਨ ਹੁੰਦੇ, ਹੁਣ ਪੰਜਾਬ ਦੇ ਹਰ ਕੋਨੇ 'ਚ ਅਸਾਨੀ ਨਾਲ ਮਿਲ ਰਹੇ ਹਨ ਭਾਵੇਂ ਕਿ ਪੰਜਾਬ ਨੇ ਕੁਝ ਖੇਤਰਾਂ, ਜ਼ਿਲ੍ਹਿਆਂ ਨੂੰ ਤੰਬਾਕੂ ਮੁਕਤ ਕਰਨ ਦਾ ਐਲਾਨ ਕੀਤਾ ਹੋਇਆ ਹੈ। ਆਖ਼ਰ ਇੰਜ ਕਿਉਂ ਵਾਪਰ ਰਿਹਾ ਹੈ? ਕੀ ਅਸੀਂ ਪੰਜਾਬੀਆਂ ਨੂੰ ਚੀਨੀਆਂ ਵਾਂਗਰ ਅਫੀਮਚੀ ਬਨਾਉਣ 'ਤੇ ਤੁਲੇ ਹੋਏ ਹਾਂ? ਪਰ ਚੀਨੀ ਸਰਕਾਰ ਨੇ ਤਾਂ ਚੀਨ ਵਿਚੋਂ ਅਫ਼ੀਮ ਦਾ ਜੇ ਪੂਰਾ ਨਹੀਂ ਤਾਂ ਵੱਡੀ ਹੱਦ ਤੱਕ ਖਾਤਮਾ ਕਰ ਦਿੱਤਾ ਹੈ, ਪਰ ਕੀ ਪੰਜਾਬ ਦੀ ਸਰਕਾਰ, ਪੰਜਾਬ ਦੇ ਹਾਕਮ , ਨਸ਼ਿਆਂ ਦੇ ਸਮੱਗਲਰਾਂ ਨੂੰ ਫਾਹੇ ਟੰਗਣ ਦੀ ਹਿੰਮਤ ਰੱਖਦੇ ਹਨ, ਜਿਸਦੇ ਕਿ ਨਸ਼ਿਆਂ ਦੇ ਸਮੱਗਲਰ ਹੱਕਦਾਰ ਹਨ?

ਪੰਜਾਬ ਨਸ਼ਿਆਂ ਦੀ ਮਾਰ ਨਾਲ ਤੁੰਬਿਆ ਪਿਆ ਹੈ। ਪੰਜਾਬ ਨਸ਼ਿਆਂ ਨੇ ਕੋਹ ਸੁੱਟਿਆ ਹੈ! ਪੰਜਾਬ ਨਸ਼ਿਆਂ ਦੀ ਮਾਰ ਨਾਲ ਤਬਾਹ ਹੋ ਰਿਹਾ ਹੈ। ਕਾਰਨ ਭਾਵੇਂ ਨੌਜਵਾਨਾਂ 'ਚ ਪੈਦਾ ਹੋਏ ਅਸੰਤੋਸ਼ ਨੂੰ ਕਹਿ ਲਉ ਜਾਂ ਬੇਰੁਜ਼ਗਾਰੀ ਨੂੰ। ਕਾਰਨ ਪੰਜਾਬੀਆਂ ਦੇ ਵਿਹਲੜਪਨ ਨੂੰ ਸਮਝ ਲਉ ਜਾਂ ਇਸ ਦਾ ਦੋਸ਼ ਪੰਜਾਬ ਦੇ ਲੋਕਾਂ ਦੀ ਗਰੀਬੀ ਨੂੰ ਦੇ ਲਵੋ। ਪਰ ਇਕ ਗੱਲ ਸਪੱਸ਼ਟ ਹੈ ਕਿ ਪੰਜਾਬ 'ਚ ਇਸ ਸਮੇਂ ਨਸ਼ਿਆਂ ਦੀ ਅੱਤ ਹੈ। ਇਹ ਅੱਤ ਕੁਝ ਨਸ਼ਈ ਲੋਕਾਂ ਨੂੰ ਜੇਲ੍ਹੀਂ ਡੱਕ ਕੇ, ਕੁਝ ਸਮੱਗਲਰਾਂ ਨੂੰ ਸਜ਼ਾਵਾਂ ਦੇ ਕੇ ਜਾਂ ਨਸ਼ਾ ਛੁਡਾਊ ਕੇਂਦਰਾਂ 'ਚ ਨਸ਼ਾ ਛੁਡਾਉਣ ਨਾਲ ਸੰਭਵ ਨਹੀਂ ਹੋਣੀ। ਪੰਜਾਬ 'ਚ ਨਸ਼ਿਆਂ ਦੀ ਮਹਾਂਮਾਰੀ ਫੈਲੀ ਹੋਈ ਹੈ, ਜਿਸ ਨੇ ਪੰਜਾਬ ਨੂੰ ਪਿੰਜ ਸੁੱਟਿਆ ਹੈ, ਤਬਾਹ ਕਰ ਦਿੱਤਾ ਹੈ।

ਪੰਜਾਬ 'ਚ ਫੈਲੀ ਇਸ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਵੱਡੇ ਯਤਨ ਕਰਨੇ ਪੈਣਗੇ, ਸਿਆਸੀ ਵੀ ਅਤੇ ਸਮਾਜੀ ਵੀ। ਮਾਪਿਆਂ ਨੂੰ ਸੁਚੇਤ ਹੋਣਾ ਪਏਗਾ। ਨੌਜਵਾਨਾਂ 'ਚ ਨਸ਼ਿਆਂ ਪ੍ਰਤੀ ਜਾਗਰੂਕਤਾ ਲਿਆਉਣੀ ਹੋਵੇਗੀ, ਪੰਜਾਬ ਦੇ ਤਹਿਸ਼ ਨਹਿਸ਼ ਹੋ ਰਹੇ ਸਭਿਆਚਾਰਕ ਤਾਣੇ ਬਾਣੇ ਨੂੰ ਥਾਂ ਸਿਰ ਕਰਨਾ ਹੋਵੇਗਾ ਅਤੇ ਉਸ ਤੋਂ ਵੀ ਵੱਧ ਨੌਜਵਾਨਾਂ ਦੀ ਵਿਹਲ ਨੂੰ ਸੁਚੱਜੇ ਕੰਮਾਂ ਲਈ ਵਰਤਣਾ ਹੋਵੇਗਾ ਨਹੀਂ ਤਾਂ ਅੱਜ ਨਹੀਂ ਤਾਂ ਕੱਲ੍ਹ ਨੂੰ, ਪੰਜਾਬ ਗਰਕਣ ਤੋਂ ਕੋਈ ਰੋਕ ਹੀ ਨਹੀਂ ਸਕਦਾ।

# ਇਸਲਾਮੀਆਂ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਮਾਲੇਰਕੋਟਲਾ ਵਿਖੇ ਵੋਟਰ ਜਾਗਰੂਕਤਾ ਲਈ ਸੈਮੀਨਾਰ ਆਯੋਜਿਤ

**ਮਾਲੇਰਕੋਟਲਾ -:** ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫਸਰ ਡਾ. ਪੱਲਵੀ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ, ਸਵੀਪ ਨੋਡਲ ਅਫ਼ਸਰ-ਕਮ- ਜ਼ਿਲ੍ਹਾ ਸਿੱਖਿਆ ਅਫਸਰ (ਸ.ਸ) ਮਾਲੇਰਕੋਟਲਾ ਸ਼੍ਰੀਮਤੀ ਜਸਵਿੰਦਰ ਕੌਰ ਦੀ ਅਗਵਾਈ ਹੇਠ ਸਥਾਨਕ ਇਸਲਾਮੀਆਂ ਗਰਲਜ਼ ਸੀਨੀਅਰ ਸੈਕਡਰੀ ਸਕੂਲ ਮਾਲੇਰਕੋਟਲਾ ਵਿਖੇ “ਸਵੀਪ“ ਸੈਮੀਨਾਰ ਕਰਵਾਇਆ ਗਿਆ।

ਇਹ ਪ੍ਰੋਗਰਾਮ “ਸਵੀਪ“ ਗਤੀਵਿਧੀਆਂ ਦੀ ਲਗਾਤਾਰਤਾ ਵਿੱਚ ਕਰਵਾਇਆ ਗਿਆ, ਜਿਸ ਵਿੱਚ ਇਸ ਸਕੂਲ ਦੇ ਲਗਭਗ 200 ਵਿਦਿਆਰਥੀਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਮੌਕੇ ਵਿਦਿਆਰਥੀਆਂ ਤੋ ਆਪਣੇ ‘ਵੋਟ ਦੇ ਅਧਿਕਾਰ’ ਪ੍ਰਤੀ ਜਾਗਰੂਕਤਾ ਲਈ ਭਾਸਣ ਪ੍ਰਤੀਯੋਗਤਾ, ਵਾਦ-ਵਿਵਾਦ ਆਦਿ ਮੁਕਾਬਲੇ ਵੀ ਕਰਵਾਏ ਗਏ।



ਇਸ ਮੌਕੇ ਸਭਾ ਸ਼ਾਹੀਨ ਪ੍ਰਿੰਸੀਪਲ ਵੱਲੋਂ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਨੂੰ ਸਹੀ ਜਗ੍ਹਾ ਤੇ ਵਰਤੋਂ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਉਨ੍ਹਾਂ ਦੁਆਰਾ ਵਿਦਿਆਰਥੀਆਂ ਨੂੰ ਵੋਟ ਦਾ ਅਧਿਕਾਰ ਅਤੇ ਵੋਟ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵੱਲੋਂ ਮਨੁੱਖੀ ਚੇਨ ਬਣਾਈ ਗਈ ਅਤੇ ਵੋਟ ਪਾਉਣ ਦਾ ਪ੍ਰਨ ਲਿਆ । ਵਿਦਿਆਰਥੀਆਂ ਨੇ ਮਨੁੱਖੀ ਚੇਨ ਦਾ ਬੜਾ ਮਨਮੋਹਕ ਦ੍ਰਿਸ਼ ਪੇਸ਼ ਕਰਦੇ ਹੋਏ ਨੋਜਵਾਨਾਂ ਨੂੰ ਆਪਣੀ ਵੋਟ ਦੀ ਵਰਤੋ ਕਰਨ ਦਾ ਸੁਨੇਹਾ ਦਿੱਤਾ।

ਸਕੂਲ ਦੇ ਸਵੀਪ ਨੋਡਲ ਅਫਸਰ ਸ਼ਬਾਨਾ ਅਖਤਰ ਨੇ ਦੱਸਿਆ ਕਿ ਲੋਕ ਸਭਾ ਚੋਣਾਂ-2024 ਦੌਰਾਨ 70 ਫੀਸਦ (ਇਸ ਵਾਰ, 70 ਪਾਰ) ਤੋਂ ਵੱਧ ਮਤਦਾਨ ਦੇ ਟੀਚੇ ਨੂੰ ਪ੍ਰਾਪਤ ਕਰਨਾ ਹੈ। ਅੱਜ ਦੇ ਪ੍ਰੋਗਰਾਮ ਦਾ ਮੁੱਖ ਉਦੇਸ਼ ਲੋਕ ਸਭਾ ਚੋਣਾਂ-2024 ਦੌਰਾਨ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਹੈ। ਪ੍ਰੋਗਰਾਮ ਤਹਿਤ ਵੋਟਰਾਂ ਨੂੰ ਉਤਸ਼ਾਹਿਤ ਕਰਨ ਲਈ ਜ਼ਿਲ੍ਹੇ ਭਰ ਵਿੱਚ ਵੱਡੀ ਗਿਣਤੀ ਵਿੱਚ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਸਕੂਲ ਦੇ ਸਾਰੇ ਯੋਗ ਵਿਦਿਆਰਥੀਆਂ ਨੂੰ ਆਪਣੇ ਆਪ ਨੂੰ ਵੋਟਰ ਵਜੋਂ ਰਜਿਸਟਰ ਕਰਵਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਨਵੇਂ ਯੋਗ ਵੋਟਰ ਆਪਣੇ ਆਪ ਨੂੰ ਵੋਟਰ ਵਜੋਂ ਰਜਿਸਟਰ ਕਰਵਾਉਣ ਲਈ ‘ਵੋਟਰ ਹੈਲਪਲਾਈਨ’ ਮੋਬਾਈਲ ਐਪਲੀਕੇਸ਼ਨ ਅਤੇ ਨੈਸ਼ਨਲ ਵੋਟਰ ਸਰਵਿਸਿਜ਼ ਪੋਰਟਲ (ਐਨ.ਵੀ.ਐਸ.ਪੀ.) ਦੀ ਵਰਤੋਂ ਕਰ ਸਕਦੇ ਹਨ। ਆਪਣੇ ਆਪ ਨੂੰ ਵੋਟਰ ਵਜੋਂ ਰਜਿਸਟਰ ਕਰਨ ਲਈ ਨਿਵਾਸੀ www.nvsp.in ‘ਤੇ ਵੀ ਜਾ ਸਕਦੇ ਹਨ। ਲੋਕ ਸਭਾ ਚੋਣਾਂ-2024 ਲਈ ਵੋਟਰ ਰਜਿਸਟ੍ਰੇਸ਼ਨ 4 ਮਈ, 2024 ਤੱਕ ਕਰਵਾਈ ਜਾ ਸਕਦੀ ਹੈ।

# ਮੈਂ ਅਧਿਆਪਕ ਹਾਂ, ਮੈਂਨੂੰ ਬੱਚੇ ਪੜ੍ਹਾਉਣ ਦਿਓ ਲੋਗੋ ਵਾਲੀਆਂ ਤਖਤੀਆਂ ਫੜ ਕੇ ਪੰਜਾਬ ਸਰਕਾਰ ਤੋਂ ਕੀਤੀ ਮੰਗ

ਗੁਰੂਹਰਸਹਾਏ -ਐਲੀਮੈਂਟਰੀ ਟੀਚਰਜ਼ ਯੂਨੀਅਨ ਪੰਜਾਬ ਦੀ 21 ਅਪ੍ਰੈਲ ਦੇ ਸਟੇਟ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਪ੍ਰਾਇਮਰੀ ਅਧਿਆਪਕ ਅਤੇ ਪ੍ਰਾਇਮਰੀ ਅਧਿਆਪਕਾਂ ਨਾਲ ਸਬੰਧਤ ਅਧਿਆਪਕਾਂ ਜਥੇਬੰਦੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ “ਮੈਂ ਅਧਿਆਪਕ ਹਾਂ, ਮੈਂਨੂੰ ਬੱਚੇ ਪੜ੍ਹਾਉਣ ਦਿਓ” । ਲੋਗੋ ਵਾਲੀਆਂ ਤਖਤੀਆਂ ਫੜ੍ਹ ਕੇ ਮੰਗ ਕੀਤੀ ਗਈ ਕੇ ਸਾਨੂੰ ਸਰਕਾਰ ਨੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਲਗਾਇਆ ਹੈ ।ਜਿਸ ਕਰਕੇ ਸਾਨੂੰ ਸਿਰਫ ਪੜ੍ਹਾਉਣ ਦਾ ਕੰਮ ਹੀ ਦਿੱਤਾ ਜਾਵੇ। ਵਿਭਾਗ ਵੱਲੋਂ ਅਧਿਆਪਕਾਂ ਤੋਂ ਲਏ ਜਾਂਦੇ ਗੈਰ ਵਿੱਦਿਅਕ ਕੰਮ ਬੀਐੱਲਓ ਦੀਆਂ ਡਿਊਟੀਆਂ ਅਤੇ ਦਫ਼ਤਰਾਂ ਦੀਆਂ ਡਿਊਟੀਆਂ ਬਿਲਕੁੱਲ ਬੰਦ ਕੀਤੀਆਂ ਜਾਣ। ਕਿਉਂਕਿ ਇਹ ਸਭ ਕੰਮ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਕਰਦੀਆਂ ਹਨ। ਖਾਸ ਕਰਕੇ ਪ੍ਰਾਇਮਰੀ ਵਾਲੇ ਬੱਚੇ ਪੂਰਾ ਦਿਨ ਅਧਿਆਪਕ ਦੀ ਜਮਾਤ ਵਿੱਚ ਹਾਜ਼ਰੀ ਮੰਗਦੇ ਹਨ। ਇਸ ਮੰਗ ਵਿੱਚ ਜ਼ਿਲ੍ਹੇ ਦੇ ਸਮੂਹ ਜੋਰਦਾਰ ਤਰੀਕੇ ਨਾਲ ਉਠਾਈ ਗਈ। ਕਿਉਂਕਿ ਮੁੱਢਲੀ ਅਤੇ ਅਜੋਕੇ ਸਮੇਂ ਦੇ ਅਨੁਸਾਰ ਚੰਗੀ ਸਿੱਖਿਆ ਹਾਸਲ ਕਰਨਾ ਹਰੇਕ ਬੱਚੇ ਦਾ ਮੁੱਢਲਾ ਹੱਕ ਹੈ। ਇਸ ਦੌਰਾਨ ਯੂਨੀਅਨ ਆਗੂ ਜਗਨੰਦਨ ਸਿੰਘ, ਅਸ਼ੋਕ ਸਰਾਰੀ, ਨਰਿੰਦਰ ਕੁਮਾਰ, ਬਲਕਾਰ ਸਿੰਘ, ਸਤੀਸ਼ ਕੁਮਾਰ, ਦਲੀਪ ਸਿੰਘ, ਸੰਜੀਵ ਕੁਮਾਰ ਹੈੱਡ ਟੀਚਰ ਜ਼ਿਲ੍ਹਾ ਕਮੇਟੀ ਮੈਂਬਰ, ਇੰਦਰਜੀਤ ਸਿੰਘ ਬਲਾਕ ਪ੍ਰਧਾਨ, ਦਲੀਪ ਸਿੰਘ ਬਲਾਕ ਪ੍ਰਧਾਨ, ਬਚਨ ਸਿੰਘ, ਸੁਰਿੰਦਰ ਕੁਮਾਰ, ਵਿਨੈ ਕੁਮਾਰ ਆਗੂ ਈਟੀਟੀ ਅਧਿਆਪਕ ਆਗੂ, ਰੰਜਨਾ ਕੰਬੋਜ਼, ਬਲਜੀਤ ਕੌਰ, ਦਰਸ਼ਨ ਰਾਣੀ, ਸੁਨੀਤਾ ਰਾਣੀ, ਰਵਨੀਤ ਕੌਰ, ਕਪਿਲ ਕੁਮਾਰ, ਰਵਨਿਸ਼ ਕੁਮਾਰ, ਜਗਰੂਪ ਸਿੰਘ, ਜੁਗਰਾਜ ਸਿੰਘ, ਬਲਦੇਵ ਸਿੰਘ ਆਦਿ ਅਧਿਆਪਕ ਆਗੂਆਂ ਨੇ ਮੁਲਾਜ਼ਮਾਂ ਦੀਆਂ ਵਿੱਤੀ ਮੰਗਾਂ ਪੁਰਾਣੀ ਪੈਨਸ਼ਨ, ਪੇਂਡੂ ਭੱਤਾ, ਬਾਰਡਰ ਭੱਤਾ ਅਤੇ ਬਾਕੀ ਵਿਭਾਗੀ ਮੰਗਾਂ ਮਨਵਾਉਣ ਲਈ ਲੋਕ ਸਭਾ ਚੋਣਾਂ ਲੜ ਰਹੇ ਪਾਰਟੀਆਂ ਦੇ ਆਗੂਆਂ ਨੂੰ ਮੰਗ ਪੱਤਰ ਦੇਣ ਅਤੇ ਲੋੜ ਪਈ ਤਾਂ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਣ ਦਾ ਵੀ ਐਲਾਨ ਕੀਤਾ ਗਿਆ।



ਅਧਿਆਪਕਾਂ ਨੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਅਧਿਆਪਕ ਕਿੱਤੇ ਨੂੰ ਅਸਲੀਅਤ ਨਾਲ ਜੋੜਨ ਦੀ ਮੰਗ




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖ਼ਬਰਾਂ, ਰਿਪੋਰਟਾਂ , ਲੇਖ , ਕਹਾਣੀਆਂ , ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ , ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਦੇ ਕਿਉਂਕਿ ਅਖਬਾਰ ਇੰਨਾਂ ਨੂੰ ਤਸਦੀਕ ਨਹੀਂ ਕਰਦਾ । ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ । ਰੋਜ਼ਾਨਾ ਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ , ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜਿੰਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ ।

Daily Lok Bani (Punjabi) R.N.I. Punpun 29016 , 2008 Editor,Onwer , Printer, Publisher , Amandeep Mehra ,Printed at Rachna Printers , Railway Road Jalandhar Place of Publication : 308 Sangam Complex Milap Chowk , Jalandhar (India) , Contact No. : 0181-2211009 , Fax : 2211009 , Email Id : lokbani08@gmail.com